# PUNJAB VIDHAN SABHA

**DEBATES**

*Friday, the 28th August, 2020*

Vol. XII- No. 1

**OFFICIAL REPORT**

CONTENTS

| | Page |
|---|---|
| Obituary References | (1) 1 |
| Short Adjournment of the House | (1) 6 |
| Presentation of the First Report of the Business Advisory Committee | (1) 6 |
| Announcement by the Speaker Regarding Panel of Chairmen | (1) 9 |
| Announcement by the Secretary | (1) 10 |
| Motion under Rule 16 | (1) 10 |
| Laying of Report of the Rules Committee | (1) 11 |
| Re-laying of the Punjab Legislative Assembly (Disqualification of Members on ground of Defection) Rules, 2020, by the Secretary on the Table of the House | (1) 11 |
| Papers laid on the Table of the House | (1) 11 |
| Presentation of Reports of the Committee | (1) 13 |

---

**Punjab Vidhan Sabha Secretariat**

***Price: Rs.__________***

**Legislative Business**


| | | |
|---|---|---|
| 1. | The Sri Guru Teg Bahadur State University of Law, Punjab Bill, 2020 | (1) 14 |
| 2. | The Punjab Good Conduct Prisoners (Temporary Release) Amendment Bill, 2020 *(Replacing Ordinance)* | (1) 20 |
| 3. | The Punjab Fiscal Responsibility and Budget Management ( Second Amendment) Bill, 2020 | (1) 22 |
| | Clarification by the Minister | (1) 25 |
| | The Punjab Fiscal Responsibility and Budget Management ( Second Amendment) Bill, 2020 *(Resumption)* | (1) 26 |
| 4. | The Punjab Clinical Establishments (Registration and Regulation ) Bill, 2020 (Replacing Ordinance) | (1) 28 |
| 5. | The Contract Labour (Regulation and Abolition) (Punjab Amendment) Bill, 2020 (Replacing Ordinance) | (1) 31 |
| 6. | The Industrial Disputes (Punjab Amendment) Bill, 2020 (Replacing Ordinance) | (1) 33 |
| 7 | The Punjab Goods and Services Tax (Second Amendment) Bill, 2020 | (1) 36 |
| | Dharna | (1) 40 |
| | Official Resolution Regarding urging the Union Government to withdraw the three ordinances and the proposed Electricity (Amendment) Bill, 2020 and instead promulgate fresh ordinance making MSP a statutory right of the farmers | (1) 41 |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ,ਸੂਚਨਾ ਤੇ ਲੋਕ ਸੰਪਰਕ, ਕਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਸਾਇੰਸ ਤੇ ਤਕਨਾਲੋਜੀ, ਸੂਚਨਾ ਤਕਨਾਲੋਜੀ, ਪ੍ਰਸ਼ਾਸਕੀ ਸੁਧਾਰ, ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, Science & Technology, Governance Reforms, Information Technology and Power, New and Renewable Energy Sources |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਥਾਨਕ ਸਰਕਾਰ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਣ ਮੰਤਰੀ |
| | Shri Brahm Mohindra | Local Govt, Parliamentary Affairs, Elections, Removal of Grievances Minister |

**ਪੰਜਾਬ ਮੰਤਰੀ ਮੰਡਲ ਦੀ ਸੂਚੀ**

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 3. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਮੰਤਰੀ<br>Finance, Planning, Programme Implementation Minister |
| 4. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests, Social Justice Empowerment and Minorities, Printing & Stationery Minister |
| 5. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਮੈਡੀਕਲ ਸਿੱਖਿਆ ਤੇ ਖੋਜ, ਅਜ਼ਾਦੀ ਘੁਲਾਟੀਏ, ਫੂਡ ਪ੍ਰਾਸੈਸਿੰਗ ਮੰਤਰੀ<br>Medical Education & Research , Freedom Fighters, Food Processing Minister |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ ਡੇਅਰੀ ਵਿਕਾਸ, ਮੱਛੀ ਪਾਲਣ ਅਤੇ ਉਚੇਰੀ ਸਿੱਖਿਆ ਮੰਤਰੀ<br>Rural Development & Panchayats, Animal Husbandry, Fisheries & Dairy Development and Higher Education Minister |
| 7. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ<br>Sports and Youth Affairs and NRIs Minister |
| 8. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Technical Education and Industrial Training, Employment Generation, Tourism and Cultural Affairs Minister |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 9. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ<br>Social Security, Women & Child Development Minister |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਜਲ ਸਪਲਾਈ ਤੇ ਸੈਨੀਟੇਸ਼ਨ, ਟਰਾਂਸਪੋਰਟ ਮੰਤਰੀ<br>Water Supply & Sanitation, Transport Minister |
| 11. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 12. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ<br>Water Resources, Mines & Geology, Housing and Urban Development Minister |
| 13. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ<br>Revenue, Rehabilitation and Disaster Management Minister |
| 14. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਸਿਹਤ ਅਤੇ ਪਰਿਵਾਰ ਭਲਾਈ ਤੇ ਕਿਰਤ ਮੰਤਰੀ<br>Health and Family Welfare, Labour Minister |
| 15. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਸਕੂਲ ਸਿੱਖਿਆ, ਲੋਕ ਨਿਰਮਾਣ ਮੰਤਰੀ<br>School Education, Public Works Minister |
| 16. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 17. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

*Friday, the 28th August, 2020*

*The Vidhan Sabha met in Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Rana Kanwar Pal Singh) in the Chair.*

--------

## OBITUARY REFERENCES

**ਮਾਨਯੋਗ ਸਪੀਕਰ :** ਅਕਾਲ ਚਲਾਣਿਆਂ ਦਾ ਵਰਣਨ। ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ।ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ। ਵਿਛੜੀਆਂ ਰੂਹਾਂ ਦੀ ਯਾਦ ਜਿਊਂਦੇ ਲੋਕਾਂ ਦੀ ਸੋਚ ਵਿਚ ਦਰਜ ਰਹਿੰਦੀ ਹੈ। ਜੇ ਅਸੀਂ ਜੀਵਨ ਚੰਗਿਆਈ ਨਾਲ ਬਿਤਾਇਆ ਹੋਵੇ ਤਾਂ ਮਰਨ ਤੋਂ ਬਾਅਦ ਵੀ ਅਸੀਂ ਲੋਕਾਂ ਦੀਆਂ ਯਾਦਾਂ ਵਿੱਚ ਜਿਊਂਦੇ ਰਹਿੰਦੇ ਹਾਂ। ਕੁਝ ਅਜਿਹੀਆਂ ਹੀ ਸ਼ਖਸੀਅਤਾਂ ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ ਸਮਾਜ ਅਤੇ ਦੇਸ਼ ਦੀ ਸੇਵਾ ਵਿਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ, ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਆਪਣੀ ਸ਼ਰਧਾਂਜਲੀ ਭੇਟ ਕਰੀਏ।

ਸਰਦਾਰ ਗੁਰਦਾਸ ਸਿੰਘ ਬਾਦਲ, ਸਾਬਕਾ ਮੈਂਬਰ ਪਾਰਲੀਮੈਂਟ ਸਾਨੂੰ ਮਿਤੀ 15 ਮਈ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 6 ਅਗਸਤ, 1931 ਨੂੰ ਪਿੰਡ ਅਬੁਲਖੁਰਾਣਾ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ । ਉਹ 90 ਸਾਲਾਂ ਦੇ ਸਨ। ਉਹ ਇਸ ਪਵਿੱਤਰ ਸਦਨ ਦੇ ਮਾਨਯੋਗ ਮੈਂਬਰ, ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਜੀ ਦੇ ਸਤਿਕਾਰਯੋਗ ਪਿਤਾ ਅਤੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਸਾਬਕਾ ਮੁੱਖ ਮੰਤਰੀ ਜੀ ਦੇ ਛੋਟੇ ਭਰਾ ਸਨ। ਉਹ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਰਹੇ। ਸਰਦਾਰ ਗੁਰਦਾਸ ਸਿੰਘ ਬਾਦਲ 1971 ਵਿੱਚ ਫਾਜ਼ਿਲਕਾ ਚੋਣ ਹਲਕੇ ਤੋਂ ਭਾਰਤੀ ਸੰਸਦ ਦੇ ਮੈਂਬਰ ਚੁਣੇ ਗਏ ਅਤੇ 1977 ਵਿੱਚ ਹਲਕਾ ਲੰਬੀ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। ਇਸ ਤੋਂ ਇਲਾਵਾ ਉਨ੍ਹਾਂ ਨੇ ਮਾਰਕਫੈੱਡ ਦੇ ਡਾਇਰੈਕਟਰ ਵਜੋਂ ਵੀ ਸੇਵਾ ਨਿਭਾਈ ਅਤੇ ਅਕਾਲੀ ਮੋਰਚਿਆਂ ਵਿੱਚ ਗ੍ਰਿਫਤਾਰੀ ਵੀ ਦਿੱਤੀ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੋਂ ਤਕਰੀਬਨ ਦੋ ਮਹੀਨੇ

[ਮਾਨਯੋਗ ਸਪੀਕਰ]

ਪਹਿਲਾਂ ਮਿਤੀ 19 ਮਾਰਚ, 2020 ਨੂੰ ਉਨ੍ਹਾਂ ਦੇ ਧਰਮਪਤਨੀ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦੇ ਸਤਿਕਾਰਯੋਗ ਮਾਤਾ ਜੀ, ਸਰਦਾਰਨੀ ਹਰਮਿੰਦਰ ਕੌਰ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ।

ਸਰਦਾਰ ਚਤਿੰਨ ਸਿੰਘ ਸਮਾਉ, ਸਾਬਕਾ ਮੈਂਬਰ ਪਾਰਲੀਮੈਂਟ ਵੀ ਸਾਨੂੰ ਕੱਲ੍ਹ ਮਿਤੀ 27 ਅਗਸਤ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 83 ਵਰਿਆਂ ਦੇ ਸਨ। ਉਨ੍ਹਾਂ ਦਾ ਜਨਮ ਮਿਤੀ 20 ਦਸੰਬਰ, 1944 ਨੂੰ ਪਿੰਡ ਸਮਾਉ ਵਿਖੇ ਹੋਇਆ। ਉਨ੍ਹਾਂ ਨੇ ਸਰਪੰਚ ਤੋਂ ਲੈ ਕੇ ਸੰਸਦ ਤੱਕ ਰਾਜਨੀਤੀ ਦਾ ਸਫਰ ਤੈਅ ਕੀਤਾ । ਉਹ ਸਾਲ 1998 ਵਿੱਚ ਲੋਕ ਸਭਾ ਹਲਕਾ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਅਤੇ ਸਾਲ 2012 ਵਿੱਚ ਬੁੱਢਲਾਡਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਇਸ ਤੋਂ ਇਲਾਵਾ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ।

ਸਰਦਾਰ ਹਰੀ ਸਿੰਘ ਜ਼ੀਰਾ, ਸਾਬਕਾ ਰਾਜ ਮੰਤਰੀ ਵੀ ਸਾਨੂੰ ਮਿਤੀ 3 ਅਗਸਤ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 11 ਜੂਨ, 1941 ਨੂੰ ਜ਼ੀਰਾ ਵਿਖੇ ਹੋਇਆ। ਉਹ ਸਾਲ 1977, 1985, 2002 ਅਤੇ 2012 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ 1985 ਵਿੱਚ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਸਿੰਚਾਈ ਵਿਭਾਗ ਦੇ ਰਾਜ ਮੰਤਰੀ ਬਣੇ। ਉਨ੍ਹਾਂ ਨੇ ਸਾਲ 1997 ਵਿੱਚ ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਵੀ ਕਾਰਜਭਾਰ ਸੰਭਾਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਵੱਖ-ਵੱਖ ਕਮੇਟੀਆਂ ਦੇ ਚੇਅਰਮੈਨ ਅਤੇ ਮੈਂਬਰ ਵਜੋਂ ਸੇਵਾ ਨਿਭਾਈ ।

ਜਸਟਿਸ (ਰਿਟਾਇਰਡ) ਸਤਪਾਲ ਬੰਗੜ ਵੀ ਸਾਨੂੰ ਮਿਤੀ 30 ਜੂਨ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 3 ਫਰਵਰੀ, 1952 ਨੂੰ ਪਿੰਡ ਹੁਸੈਨ ਚੱਕ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਇਆ। ਉਹ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਬਤੌਰ ਜਸਟਿਸ ਸੇਵਾ ਮੁਕਤ ਹੋਏ ਸਨ।

ਸ਼੍ਰੀ ਬਲਬੀਰ ਸਿੰਘ, ਹਾਕੀ ਓਲੰਪੀਅਨ ਵੀ ਸਾਨੂੰ ਮਿਤੀ 25 ਮਈ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 31 ਦਸੰਬਰ, 1923 ਨੂੰ ਪਿੰਡ ਹਰੀਪੁਰ ਖਾਲਸਾ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਨ੍ਹਾਂ ਨੇ ਟੀਮ ਮੈਂਬਰ ਵਜੋਂ ਭਾਰਤੀ ਹਾਕੀ ਟੀਮ ਨੂੰ ਉਲੰਪਿਕ ਖੇਡਾਂ ਵਿੱਚ ਤਿੰਨ ਸੋਨ ਤਗਮੇ ਜਿਤਾਏ ਸਨ। ਹੈਲਸਿੰਕੀ ਓਲੰਪਿਕਸ ਵਿੱਚ ਹਾਕੀ ਦੇ ਫਾਈਨਲ ਮੈਚ ਵਿੱਚ ਪੰਜ ਗੋਲ ਕਰਨ ਦਾ

ਵਿਸ਼ਵ ਰਿਕਾਰਡ ਉਨ੍ਹਾਂ ਦੇ ਨਾਂ ਤੇ ਦਰਜ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਵਲੋਂ 1957 ਵਿੱਚ ਪਦਮਸ਼੍ਰੀ ਅਵਾਰਡ ਨਾਲ, ਕੌਮਾਂਤਰੀ ਉਲੰਪਿਕ ਕਮੇਟੀ ਵਲੋਂ ਸਾਲ 2012 ਵਿੱਚ ਲੰਡਨ ਉਲੰਪਿਕ ਖੇਡਾਂ ਦੌਰਾਨ ਆਈਕਾਨਿਕ ਪੁਰਸਕਾਰ ਨਾਲ ਅਤੇ ਪੰਜਾਬ ਸਰਕਾਰ ਵਲੋਂ ਸਾਲ 2019 ਵਿੱਚ ਮਹਾਰਾਜਾ ਰਣਜੀਤ ਸਿੰਘ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਪੰਜਾਬ ਦੇ ਖੇਡ ਵਿਭਾਗ ਦੇ ਡਾਇਰੈਕਟਰ ਅਤੇ ਪੰਜਾਬ ਪੁਲਿਸ ਦੇ ਅਧਿਕਾਰੀ ਵਜੋਂ ਵੀ ਸੇਵਾ ਨਿਭਾਈ।

ਭਾਈ ਨਿਰਮਲ ਸਿੰਘ ਜੀ ਖਾਲਸਾ, ਹਜ਼ੂਰੀ ਰਾਗੀ ਵੀ ਸਾਨੂੰ ਮਿਤੀ 2 ਅਪ੍ਰੈਲ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 12 ਅਪ੍ਰੈਲ, 1952 ਨੂੰ ਪਿੰਡ ਜੰਡਵਾਲਾ ਭੀਮੇਸ਼ਾਹ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਉਹ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਰਹੇ। ਉਹ ਆਲ ਇੰਡੀਆ ਰੇਡੀਓ ਦੀ ਸਰਗਮ ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ 26 ਜਨਵਰੀ, 2009 ਨੂੰ ਪਦਮਸ਼੍ਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਚੀਨ ਸਰਹੱਦ ਤੇ ਪੈਂਦੀ ਗਲਵਾਨ ਘਾਟੀ ਵਿਖੇ ਭਾਰਤ ਅਤੇ ਚੀਨੀ ਸੈਨਿਕਾਂ ਵਿਚਕਾਰ ਪਿਛਲੇ ਦਿਨੀਂ ਹੋਈ ਖ਼ੂਨੀ ਝੜੱਪ ਦੌਰਾਨ ਭਾਰਤੀ ਫੌਜ ਦੇ ਨਾਇਬ ਸੂਬੇਦਾਰ ਸਰਦਾਰ ਮਨਦੀਪ ਸਿੰਘ, ਨਾਇਬ ਸੂਬੇਦਾਰ ਸਰਦਾਰ ਸਤਨਾਮ ਸਿੰਘ, ਨਾਇਕ ਸ਼੍ਰੀ ਸਲੀਮ ਖਾਨ, ਸਿਪਾਹੀ ਸਰਦਾਰ ਗੁਰਬਿੰਦਰ ਸਿੰਘ ਅਤੇ ਸਿਪਾਹੀ ਸਰਦਾਰ ਗੁਰਤੇਜ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਤੋਂ ਇਲਾਵਾ ਨਾਇਕ ਸ਼੍ਰੀ ਰਾਜੇਸ਼ ਕੁਮਾਰ ਕੁਪਵਾੜਾ ਵਿਖੇ ਅਤੇ ਨਾਇਕ ਸਰਦਾਰ ਗੁਰਚਰਨ ਸਿੰਘ ਜੰਮੂ-ਕਸ਼ਮੀਰ ਵਿਖੇ ਰਾਜੌਰੀ ਸੈਕਟਰ ਵਿਖੇ ਹੋਏ ਆਪਰੇਸ਼ਨ ਰਕਸ਼ਕ ਦੌਰਾਨ ਸ਼ਹੀਦ ਹੋ ਗਏ। ਨਾਇਕ ਸਰਦਾਰ ਰਾਜਵਿੰਦਰ ਸਿੰਘ ਵੀ ਜੰਮੂ-ਕਸ਼ਮੀਰ ਵਿਖੇ ਅੱਤਵਾਦੀਆਂ ਨਾਲ ਹੋਏ ਇਨਕਾਊਂਟਰ ਦੌਰਾਨ ਸ਼ਹੀਦ ਹੋ ਗਏ। ਸਿਪਾਹੀ ਸਰਦਾਰ ਲਖਵੀਰ ਸਿੰਘ ਅਰੁਣਾਚਲ ਪ੍ਰਦੇਸ਼ ਦੇ ਨਾਲ ਲਗਦੀ ਚੀਨੀ ਸਰਹੱਦ ਤੇ ਗਸ਼ਤ ਕਰਦੇ ਹੋਏ ਹਾਦਸੇ ਦੌਰਾਨ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਸਾਰਾ ਦੇਸ਼ ਭਾਰਤ ਮਾਤਾ ਦੇ ਇਨ੍ਹਾਂ ਮਹਾਨ ਸਪੂਤਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖੇਗਾ ਅਤੇ ਅਸੀਂ ਹਮੇਸ਼ਾ ਇਨ੍ਹਾਂ ਸ਼ਹੀਦਾਂ ਦੇ ਰਿਣੀ ਰਹਾਂਗੇ।

ਸ਼੍ਰੀ ਸਤੀਸ਼ ਗੁਜਰਾਲ, ਕਲਾਕਾਰ ਵੀ ਸਾਨੂੰ ਮਿਤੀ 26 ਮਾਰਚ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 25 ਦਸੰਬਰ, 1925 ਨੂੰ ਜੇਹਲਮ ਵਿਖੇ ਹੋਇਆ। ਉਹ ਇਕ ਨਾਮਵਰ ਚਿੱਤਰਕਾਰ, ਬੁੱਤ ਤਰਾਸ਼, ਆਰਕੀਟੈਕਟ ਅਤੇ ਲੇਖਕ ਸਨ। ਉਨ੍ਹਾਂ ਨੂੰ ਸਾਲ 1999 ਵਿੱਚ ਪਦਮ ਵਿਭੂਸ਼ਣ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

[ਮਾਨਯੋਗ ਸਪੀਕਰ]

ਇਨ੍ਹਾਂ ਤੋਂ ਇਲਾਵਾ ਸ਼੍ਰੀ ਸੁੱਚਾ ਸਿੰਘ, ਸ਼੍ਰੀ ਪਿਆਰਾ ਸਿੰਘ, ਸ਼੍ਰੀ ਤਖਤ ਸਿੰਘ, ਸ਼੍ਰੀ ਅਜੀਤ ਸਿੰਘ, ਸ਼੍ਰੀ ਵਰਿਆਮ ਸਿੰਘ, ਸ਼੍ਰੀ ਸੰਤੋਖ ਸਿੰਘ ਅਤੇ ਸ਼੍ਰੀ ਦਲੀਪ ਸਿੰਘ ਸਾਰੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਭਨਾਂ ਨੂੰ ਪਿਛਲੇ ਦਿਨਾਂ ਵਿੱਚ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ-ਆਪਣਾ ਵਡਮੁੱਲਾ ਯੋਗਦਾਨ ਪਾਇਆ। ਅੱਜ ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਨਹੀਂ ਭੁਲਾ ਸਕਦੇ।

ਸ਼੍ਰੀ ਜਸਵੰਤ ਸਿੰਘ ਗਿੱਲ, ਇੰਜੀਨੀਅਰ ਵੀ ਸਾਨੂੰ ਮਿਤੀ 26 ਨਵੰਬਰ, 2019 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 13 ਅਪ੍ਰੈਲ, 1940 ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਵਲੋਂ ਕੋਲੇ ਦੀ ਖਾਨ ਵਿੱਚ ਫਸੇ 65 ਲੋਕਾਂ ਦੀ ਜਾਨ ਬਚਾਈ ਗਈ ਜਿਸ ਲਈ ਉਨ੍ਹਾਂ ਨੂੰ ਮਿਤੀ 24 ਦਸੰਬਰ, 1991 ਨੂੰ ਭਾਰਤ ਦੇ ਰਾਸ਼ਟਰਪਤੀ ਜੀ ਵਲੋਂ ਸਰਵੋਤਮ ਜੀਵਨ ਰਕਸ਼ਾ ਪਦਕ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ...

**ਮਾਨਯੋਗ ਸਪੀਕਰ :** ਹਾਲੇ ਬੈਠੋ ਜੀ, ਤੁਸੀਂ ਵਿੱਚ ਨਾ ਬੋਲੋ। ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਇਨ੍ਹਾਂ ਤੋਂ ਇਲਾਵਾ ਜੈਨ ਸੰਪਰਦਾਇ ਦੇ ਅਚਾਰਿਆ ਮਹਾਂਪ੍ਰਗਿਆ ਜੀ ਵੀ ਸਾਨੂੰ ਪਿਛਲੇ ਦਿਨੀਂ ਵਿਛੋੜਾ ਦੇ ਗਏ ਹਨ। ਉਹ ਵਿਸ਼ਵ ਦੇ ਦਾਰਸ਼ਨਿਕਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਅਹਿੰਸਾ ਯਾਤਰਾ ਦੁਆਰਾ ਅਹਿੰਸਾ ਦੇ ਸਿਧਾਂਤ ਨੂੰ ਘਰ-ਘਰ ਪਹੁੰਚਾਇਆ।

ਇਸ ਪਵਿੱਤਰ ਸਦਨ ਦੇ ਮੈਂਬਰ, ਸ਼੍ਰੀ ਅਰੁਣ ਡੋਗਰਾ ਜੀ ਦੇ ਮਾਤਾ ਸ਼੍ਰੀਮਤੀ ਸੁਰਿੰਦਰ ਡੋਗਰਾ ਵੀ ਸਾਨੂੰ ਮਿਤੀ 3 ਅਗਸਤ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਤੋਂ ਇਲਾਵਾ ਕੋਵਿਡ-19 ਮਹਾਂਮਾਰੀ ਕਾਰਨ ਬਹੁਤ ਸਾਰੇ ਪੰਜਾਬ ਵਾਸੀ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਦੀ ਲਿਸਟ ਵਿਚ ਸ਼ਾਮਲ ਕਰ ਲਿਆ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ)

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਜਿਹੜੇ ਸਾਡੇ ਮੁਲਾਜ਼ਮ ਕੋਵਿਡ-19 ਦੌਰਾਨ ਸੇਵਾ ਕਰਦਿਆਂ ਮਾਰੇ ਗਏ, ਉਨ੍ਹਾਂ ਨੂੰ ਵੀ ਸ਼ਾਮਲ ਕਰ ਲਿਆ ਜਾਵੇ?

**ਮਾਨਯੋਗ ਸਪੀਕਰ:** ਠੀਕ ਹੈ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਪ੍ਰਿੰਸੀਪਲ ਬਲਦੇਵ ਸਿੰਘ ਅਜ਼ਾਦ, ਜਿਹੜੇ ਮਲੋਟ ਨਾਲ ਸਬੰਧਿਤ ਸਨ ਔਰ ਪੰਜਾਬ ਦੇ ਨਾਮਵਰ ਸਾਹਿਤਕਾਰ ਸਨ, ਉਹ ਵੀ ਪਿਛਲੇ ਦਿਨਾਂ ਵਿਚ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਦਾ ਨਾਮ ਵੀ ਸ਼ਾਮਲ ਕਰ ਲਿਆ ਜਾਵੇ ਜੀ।

**ਮਾਨਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਦਾ ਨਾਮ ਵੀ ਸ਼ਾਮਲ ਕਰ ਲਿਆ ਜਾਵੇ।

**(ਅਵਾਜ਼ਾਂ:** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ:** ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

**(ਅਵਾਜ਼ਾਂ:** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ:** ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿਚ ਦੋ ਮਿੰਟ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੱਲੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ ਗਿਆ।)

---------

## SHORT ADJOURNMENT OF THE HOUSE

**ਮਾਨਯੋਗ ਸਪੀਕਰ:** ਧੰਨਵਾਦ ਜੀ, ਸਦਨ ਦੀ ਬੈਠਕ ਇਕ ਘੰਟੇ ਲਈ ਸਥਗਿਤ ਹੁੰਦੀ ਹੈ।

*11.13 ਵਜੇ ਪੂਰਵ ਦੁਪਹਿਰ) (ਇਸ *ਸਮੇਂ ਸਦਨ ਇਕ ਘੰਟੇ ਲਈ ਸਥਗਿਤ ਹੋ ਗਿਆ ਅਤੇ 12.13 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ।)

--------

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ:** ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਕਿ ਇਸ ਤਰ੍ਹਾਂ ਹੈ:-

> "After considering the situation prevailing due to COVID-19, the Committee recommended that the business for today, i.e. 28th August, 2020 be transacted as per the following motion;-
>
> "This House resolves that due to the prevailing circumstances on account of the Covid-19, the current Session of the Pujab Vidhan Sabha (Punjab Legislative Assembly) has been called under special circumstances. Therefore, during this Session only certain urgent and important Government Business be transacted and no other business whatsoever including Questions, Calling Attention Notices and any other business to be initiated by a Private Member be brought before or transacted the House during the Session and all relevant rules on the subject in the Rules of Procedure and Conduct of Business in the Punjab Vidhan Sabha (Punjab Legislative Assembly) do hereby stand suspended to that extent."

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਣ ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ। ਵਿੱਤ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ...... ਸਪੀਕਰ ਸਾਹਿਬ ਸਪੀਕਰ ਸਾਹਿਬ, ਪਤਾ ਹੀ ਨਹੀਂ ਲੱਗਾ ਕਿ ਅੰਗਰੇਜ਼ੀ ਵਿੱਚ ਕੀ ਬੋਲ ਗਏ। ਮੇਰੇ ਕੋਲ ਨਾ ਤਾਂ ਪੰਜਾਬੀ ਵਿੱਚ ਲਿਖਤ ਰੂਪ ਵਿੱਚ ਆਇਆ ਅਤੇ ਤੁਸੀਂ ਵੀ ਅੱਜ ਸਾਰਾ ਕੁਝ ਅੰਗਰੇਜ਼ੀ ਵਿੱਚ ਬੋਲ ਗਏ। ਇਹ ਸਭ ਕੁਝ ਉੱਤੋਂ ਦੀ ਲੰਘ ਗਿਆ ਜੀ। ** **

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਵੈਸੇ ਤਾਂ ਜਿਸ ਤਰੀਕੇ ਦੇ ਅਨਫਾਰਚੂਨੇਟ ਹਾਲਾਤ ਪੂਰੀ ਦੁਨੀਆਂ ਵਿੱਚ ਬਣੇ ਹੋਏ ਹਨ, ਪੰਜਾਬ ਵਿੱਚ ਵੀ ਬਣੇ ਹੋਏ ਹਨ ਅਤੇ ਅਸੀਂ ਬੜੇ ਔਖੇ ਟਾਈਮ ਵਿੱਚੋਂ ਨਿਕਲ ਰਹੇ ਹਾਂ। ਇਸ ਲਈ ਐਕਸਟਰਾ ਸਪੈਸ਼ਲ ਪ੍ਰੀਕਾਸ਼ਨ ਰੱਖਣ ਦੀ ਵੀ ਲੋੜ ਹੈ। ਅਸੀਂ ਤੁਹਾਡੇ ਨਾਲ ਅਤੇ ਸਰਕਾਰ ਨਾਲ ਐਗਰੀ ਕਰਦੇ ਹਾਂ ਪਰ ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਅੱਜ ਦੇ ਸੈਸ਼ਨ ਲਈ ਜਿਹੜੀਆਂ ਸਾਨੂੰ ਡਾਇਰੈਕਸ਼ਨਜ਼ ਇਸ਼ੂ ਕੀਤੀਆਂ ਗਈਆਂ ਸਨ, ਉਸ ਵਿੱਚ ਇਹ ਸੀ ਕਿ 25 ਤੋਂ 27 ਤਾਰੀਖ ਤੱਕ ਦੀ ਨੈਗੇਟਿਵ ਰਿਪੋਰਟ ਹੋਣੀ ਚਾਹੀਦੀ ਹੈ, ਮਾਸਕ ਪਾਇਆ ਹੋਣਾ ਚਾਹੀਦਾ ਹੈ। ਜਿਹੜੀਆਂ ਤੁਸੀਂ ਡਾਇਰੈਕਸ਼ਨਜ਼ ਇਸ਼ੂ ਕੀਤੀਆਂ ਹਨ, ਅਸੀਂ ਉਹ ਸਾਰੀਆਂ ਫਾਲੋ ਕੀਤੀਆਂ ਹਨ। ਸਰ, ਹੁਣ ਮਸਲਾ ਇਹ ਹੈ ਕਿ ਨੈਗੇਟਿਵ ਰਿਪੋਰਟ ਹੋਣ ਦੇ ਬਾਵਜੂਦ ਵੀ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਹਰਪਾਲ

---

** **Expunged as ordered by the Hon'ble Speaker.

ਸਿੰਘ ਚੀਮਾ ਜੀ ਨੂੰ, ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ ਨੂੰ ਰੋਕ ਲਿਆ ਜਾਂਦਾ ਹੈ। ਸ਼੍ਰੀਮਤੀ ਮਾਣੂਕੇ ਜੀ ਨੂੰ ਰੋਕ ਲਿਆ ਜਾਂਦਾ ਹੈ ਕਿ ਤੁਹਾਡੇ ਹਸਬੈਂਡ ਨੇ ਟੈਸਟ ਨਹੀਂ ਕਰਵਾਇਆ। ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਰੋਕਿਆ ਜਾਂਦਾ ਹੈ ਕਿ ਤੁਹਾਡਾ ਗੰਨਮੈਨ ਪਾਜ਼ੇਟਿਵ ਹੈ। ਸਰਦਾਰ ਹਰਪਾਲ ਸਿੰਘ ਚੀਮਾ ਜੀ ਨੂੰ ਰੋਕਿਆ ਜਾਂਦਾ ਹੈ ਕਿ ਤੁਹਾਡਾ ਡਰਾਇਵਰ ਸੈਲਫ ਕੁਆਰੰਨਟਾਈਨ ਵਿੱਚ ਹੈ। ਮੇਰੀ ਤੁਹਾਨੂੰ ਹੱਥ ਬੰਨ੍ਹ ਕੇ ਬੇਨਤੀ ਹੈ, ਚਲੋ ਠੀਕ ਹੈ ਕਿ ਸਰਕਾਰ......

**ਮਾਨਯੋਗ ਸਪੀਕਰ :** ਤੁਸੀਂ ਮੇਰੀ ਗੱਲ ਸੁਣ ਲਉ। (ਵਿਘਨ) ਤੁਸੀਂ ਆਪਣੀ ਗੱਲ ਕਹਿ ਲਈ ਪਰ ਇਹ ਗੱਲ ਨਹੀਂ ਹੈ। (ਵਿਘਨ) (ਸ਼ੋਰ)

**ਸ਼੍ਰੀ ਅਮਨ ਅਰੋੜਾ :** ਸਰ, ਮੈਂ ਪੂਰੀ ਗੱਲ ਕਰਨ ਲੱਗਾ ਹਾਂ... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਜੋ ਤੁਸੀਂ ਕਹਿ ਰਹੇ ਹੋ, ਇਹ ਗੱਲ ਨਹੀਂ ਹੈ।

**ਸ਼੍ਰੀ ਅਮਨ ਅਰੋੜਾ :** ਸਰ, ਅਸੀਂ ਇਹ ਵੀ (ਪੀ.ਪੀ.ਈ. ਕਿੱਟ) ਪਾ ਕੇ ਆਏ ਹਾਂ ਕਿ ਸਰਕਾਰ ਨੂੰ ਜਾਂ ਸਰਕਾਰ ਦੇ ਕਿਸੇ ਨੁਮਾਇੰਦੇ ਨੂੰ ਖਤਰਾ ਨਾ ਹੋਵੇ। ਸਰ, ਗੱਲ ਇਹ ਹੈ ਕਿ ਜੇਕਰ ਪੰਜ ਮਹੀਨੇ ਪੰਜਾਬ ਦੀਆਂ ਨਰਸਾਂ, ਡਾਕਟਰ, ਪੈਰਾ-ਮੈਡੀਕਲ ਸਟਾਫ, ਕਰੋਨਾ ਵਾਰਡ ਵਿੱਚ ਇਹ ਕਿੱਟ ਪਾ ਕੇ ਕੰਮ ਕਰ ਸਕਦੇ ਹਨ ਤਾਂ ਅਸੀਂ ਤਾਂ 20-20, 25-25 ਫੁੱਟ ਦੇ ਫਰਕ ਨਾਲ ਬੈਠੇ ਹਾਂ। ਦੋ ਸਰਕੁਲਰ ਆਏ ਹਨ, ਇੱਕ ਤੁਹਾਡੇ ਵੱਲੋਂ ਆਇਆ, ਇੱਕ ਮੈਡਮ ਸੈਕਟਰੀ ਵੱਲੋਂ ਆਇਆ। ਕਿਸੇ ਵਿੱਚ ਵੀ ਕਿਤੇ ਇਹ ਨਹੀਂ ਲਿਖਿਆ ਸੀ ਕਿ ਤੁਹਾਡਾ ਭੈਣ ਭਰਾ, ਗੰਨਮੈਨ, ਤੁਹਾਡਾ ਸਪੋਰਟਰ, ਤੁਹਾਡਾ ਆਂਢੀ-ਗਵਾਂਢੀ ਕਰੋਨਾ ਪਾਜ਼ੇਟਿਵ ਨਹੀਂ ਹੋਣਾ ਚਾਹੀਦਾ। ਸਰ, ਬਾਕੀ ਤੁਹਾਡੀ ਮਰਜ਼ੀ ਹੈ, ਅਸੀਂ ਹਮੇਸ਼ਾ ਚੇਅਰ ਨੂੰ ਸਿਰ ਝੁਕਾਉਂਦੇ ਰਹੇ ਹਾਂ ਪਰ ਸਵਾਲ ਇਹ ਹੈ ਕਿ ਅੱਜ ਨਿਰਾ ਹੀ ਡੈਮੋਕਰੇਸੀ ਦਾ ਕਤਲ ਕੀਤਾ ਜਾ ਰਿਹਾ ਹੈ।

**ਮਾਨਯੋਗ ਸਪੀਕਰ :** ਜੋ ਭਾਰਤ ਸਰਕਾਰ ਦੀ ਗਾਈਡਲਾਈਨਜ਼ ਹੈ, ਇਹ ਕੇਵਲ ਉਸ ਦੇ ਮੁਤਾਬਕ ਹੈ।

**ਸ਼੍ਰੀ ਅਮਨ ਅਰੋੜਾ :** ਸਰ, ਗਾਈਡਲਾਈਨਜ਼ ਕੀ ਹਨ?

**ਮਾਨਯੋਗ ਸਪੀਕਰ :** ਇਸ ਇਸ਼ੂ ਤੇ ਬਹਿਸ ਨਹੀਂ ਹੋਣੀ। (ਵਿਘਨ) (ਸ਼ੋਰ) ਤੁਸੀਂ ਇਸ ਤੇ ਕੁਝ ਕਹਿਣਾ ਹੈ? (ਵਿਘਨ) (ਸ਼ੋਰ)

**ਸ਼੍ਰੀ ਅਮਨ ਅਰੋੜਾ :** ਮੈਂ..... (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ, ਸਰਦਾਰ ਜੈ ਕ੍ਰਿਸ਼ਨ ਸਿੰਘ, ਪ੍ਰੋਫੈਸਰ ਬਲਜਿੰਦਰ ਕੌਰ, ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ** ** (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਮੈਂ ਤੁਹਾਡੀ ਗੱਲ ਸੁਣ ਲਈ ਹੈ। (ਵਿਘਨ) (ਸ਼ੋਰ)

--------

## ANNOUNCEMENT BY THE SPEAKER REGARDING PANEL OF CHAIRMEN

**ਮਾਨਯੋਗ ਸਪੀਕਰ :** ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ:-

1. ਸਰਦਾਰ ਹਰਪ੍ਰਤਾਪ ਸਿੰਘ;
2. ਸਰਦਾਰ ਗੁਰਕੀਰਤ ਸਿੰਘ ਕੋਟਲੀ;
3. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ;
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ।

**Shri Aman Arora :** Sir, ** ਸਪੀਕਰ ਸਾਹਿਬ, ** ** (ਵਿਘਨ) (ਸ਼ੋਰ)

--------

** **Expunged /Not recorded as ordered by the Hon'ble Speaker.

## ANNOUNCEMENT BY THE SECRETARY

**ਮਾਨਯੋਗ ਸਪੀਕਰ :** ਹੁਣ ਸਕੱਤਰ ਅਨਾਊਂਸਮੈਂਟ ਕਰਨਗੇ।

**ਸਕੱਤਰ :** ਸ਼੍ਰੀਮਾਨ ਜੀ, ਮੈਂ 15ਵੀਂ ਵਿਧਾਨ ਸਭਾ ਦੁਆਰਾ ਇਸ ਦੇ 11ਵੇਂ ਸਮਾਗਮ ਦੁਆਰਾ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ:-

1. The Punjab Private Health Sciences Educational Institutions (Regulation of Admission, Fixation of Fee and Making of Reservation) Amendment Bill, 2020.

2. The Punjab Prisons Development Board Bill, 2020.

--------

## MOTION UNDER RULE 16

**ਮਾਨਯੋਗ ਸਪੀਕਰ :** ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

---------

## LAYING OF REPORT OF THE RULES COMMITTEE

**ਮਾਨਯੋਗ ਸਪੀਕਰ:** ਮੈਂ ਨਿਯਮ ਕਮੇਟੀ ਦੀ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 232 (1) ਅਧੀਨ ਲੋੜੀਂਦਾ ਹੈ।

-------

## RE-LAYING OF THE PUNJAB LEGISLATIVE ASSEMBLY (DISQUALIFICATION OF MEMBERS ON GROUND OF DEFECTION) RULES, 2020, BY THE SECRETARY ON THE TABLE OF THE HOUSE

**ਮਾਨਯੋਗ ਸਪੀਕਰ :** ਹੁਣ ਸਕੱਤਰ ਅਨਾਊਂਸਮੈਂਟ ਕਰਨਗੇ।

**ਸਕੱਤਰ:** ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ (ਦਲ ਬਦਲੀ ਦੇ ਆਧਾਰ ਤੇ ਮੈਂਬਰਾਂ ਦੀ ਅਯੋਗਤਾ) ਨਿਯਮ, 2020 ਜੋ ਕਿ ਭਾਰਤ ਦੇ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ ਪੈਰ੍ਹਾ 8 ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਪੀਕਰ, ਪੰਜਾਬ ਵਿਧਾਨ ਸਭਾ ਦੁਆਰਾ ਫਰੇਮ ਕੀਤੇ ਗਏ ਹਨ, ਸਦਨ ਦੀ ਮੇਜ਼ ਤੇ ਮੁੜ ਰੱਖਦੀ ਹਾਂ, ਜਿਵੇਂ ਕਿ ਪੈਰ੍ਹਾ 8 ਦੇ ਉਪ-ਪੈਰ੍ਹਾ (2) ਅਧੀਨ ਲੋੜੀਂਦਾ ਹੈ। ਧੰਨਵਾਦ।

-------

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ । ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰ: VIII ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 14 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਵੱਖ-ਵੱਖ ਨਿਯਮਾਂ ਅਧੀਨ ਲੋੜੀਂਦਾ ਹੈ :-

i) ਪੰਜਾਬ ਚੰਗੇ ਆਚਰਣ ਕੈਦੀਆਂ (ਅਸਥਾਈ ਰਿਹਾਈ) ਸੋਧਨਾ ਆਰਡੀਨੈਂਸ, 2020 (2020 ਦਾ ਪੰਜਾਬ ਆਰਡੀਨੈਂਸ ਨੰ:1);

ii) ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਆਰਡੀਨੈਂਸ, 2020 (2020 ਦਾ ਪੰਜਾਬ ਆਰਡੀਨੈਂਸ ਨੰ:2);

[ਵਿੱਤ ਮੰਤਰੀ]

iii) ਦੀ ਕਾਂਟਰੈਕਟ ਲੇਬਰ (ਰੈਗੂਲੇਸ਼ਨ ਐਂਡ ਅਬੋਲਿਸ਼ਨ) (ਪੰਜਾਬ ਸੋਧਨਾ) ਆਰਡੀਨੈਂਸ, 2020; ਅਤੇ

iv) ਉਦਯੋਗਿਕ ਝਗੜੇ (ਪੰਜਾਬ ਸੋਧਨਾ) ਆਰਡੀਨੈਂਸ, 2020;

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213(2)(ੳ) ਅਧੀਨ ਲੋੜੀਂਦਾ ਹੈ:

2. ਦੀ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ ਰੂਲਜ਼, 2020 ਜਿਵੇਂ ਕਿ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ ਐਕਟ, 2002 ਦੀ ਧਾਰਾ 28(2) ਅਧੀਨ ਲੋੜੀਂਦਾ ਹੈ।

3. ਸਾਲ 2017-18 ਅਤੇ 2018-19 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀਆਂ ਸਾਲਾਨਾ ਰਿਪੋਰਟਾਂ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105(2) ਅਧੀਨ ਲੋੜੀਂਦਾ ਹੈ।

4. ਸਾਲ 2017-18 ਲਈ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਲਿਮਟਿਡ ਦੀ 47ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

5. ਸਾਲ 2014-15 ਲਈ ਪੰਜਾਬ ਸਟੇਟ ਗ੍ਰੇਨਜ਼ ਪ੍ਰੋਕਿਓਰਮੈਂਟ ਕਾਰਪੋਰੇਸ਼ਨ ਲਿਮਟਿਡ ਦੀ 12ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

6. ਸਾਲ 2018 ਲਈ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 25(4) ਅਧੀਨ ਲੋੜੀਂਦਾ ਹੈ।

7. ਸਾਲਾਂ 2016-17 ਅਤੇ 2017-18 ਲਈ ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਅਤੇ ਲੇਖੇ, ਜਿਵੇਂ ਕਿ ਜਲ (ਪ੍ਰਦੂਸ਼ਣ ਦੀ ਰੋਕ ਅਤੇ ਨਿਯੰਤਰਣ) ਐਕਟ, 1974 ਦੀ ਧਾਰਾ 39 ਅਧੀਨ ਲੋੜੀਂਦਾ ਹੈ।

8. ਸਾਲ 2017-18 ਲਈ ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਲਿਮਟਿਡ ਦੀ 52ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

9. ਸਾਲ 2018-19 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਿਡ ਦੀ 16ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

10. ਸਾਲ 2016-17 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 14ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619(ੳ) ਅਧੀਨ ਲੋੜੀਂਦਾ ਹੈ।

11. ਸਾਲ 2018-19 ਲਈ ਗੁਲਮੋਹਰ ਟੂਰਿਸਟ ਕੰਪਲੈਕਸ (ਹੌਲੀਡੇ ਹੋਮ) ਲਿਮਟਿਡ ਦੀ 16ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

12. ਸਾਲ 2016-17 ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਐਕਟ, 1970 ਦੀ ਧਾਰਾ 27(6) ਅਧੀਨ ਲੋੜੀਂਦਾ ਹੈ।

13. ਸਾਲ 2018-19 ਲਈ ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ 9ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619(ੳ) ਅਧੀਨ ਲੋੜੀਂਦਾ ਹੈ।

14. ਸਾਲ 2018-19 ਲਈ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ, ਪੰਜਾਬ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਰੀਅਲ ਅਸਟੇਟ (ਵਿਨਿਯਮ ਅਤੇ ਵਿਕਾਸ) ਐਕਟ, 2016 ਦੀ ਧਾਰਾ 78 (2) ਅਧੀਨ ਲੋੜੀਂਦਾ ਹੈ।

-------

## PRESENTATION OF REPORTS OF THE COMMITTEE

**ਮਾਨਯੋਗ ਸਪੀਕਰ :** ਸਰਦਾਰ ਫਤਹਿਜੰਗ ਸਿੰਘ ਬਾਜਵਾ, ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ ਦੀ ਛੇਵੀਂ/ਸੱਤਵੀਂ/ ਅੱਠਵੀਂ ਅੰਤਰਿਮ ਰਿਪੋਰਟ ਪੇਸ਼ ਕਰਨ।

**ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ (ਸਰਦਾਰ ਫਤਹਿਜੰਗ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ-

i) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ;

ii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iv) ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ., ਵੱਲੋਂ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਦੇ ਵਿਰੁੱਧ;

v) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੇ ਵਿਰੁੱਧ;

vi) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵਿਰੁੱਧ; ਅਤੇ

vii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੇ ਵਿਰੁੱਧ;

ਸਦਨ ਵਿੱਚ ਉਠਾਏ ਗਏ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਸਬੰਧੀ ਮਾਮਲੇ ਤੇ ਮੁੱਢਲੀ ਛੇਵੀਂ/ਸੱਤਵੀਂ/ਅੱਠਵੀਂ ਅੰਤਰਿਮ ਰਿਪੋਰਟ ਪੇਸ਼ ਕਰਦਾ ਹਾਂ।

---------

## LEGISLATIVE BUSINESS

## 1. THE SRI GURU TEG BAHADUR STATE UNIVERSITY OF LAW, PUNJAB BILL, 2020

**ਮਾਨਯੋਗ ਸਪੀਕਰ:** ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਉਚੇਰੀ ਸਿੱਖਿਆ ਮੰਤਰੀ ਜੀ ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ, ਪੰਜਾਬ ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ, ਪੰਜਾਬ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ, ਪੰਜਾਬ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ):** ਮਿਹਰਬਾਨੀ ਸਪੀਕਰ ਸਾਹਿਬ। ਦੇਖੋ ਇਸ ਤਰ੍ਹਾਂ ਹੈ ਕਿ ਸਾਡਾ ਤਾਂ ਆਪਣੀ ਪਾਰਟੀ ਦਾ ਏਜੰਡਾ ਵੀ ਇਹੀ ਹੈ ਕਿ ਜਿੰਨਾ ਹੈਲਥ ਅਤੇ ਐਜੂਕੇਸ਼ਨ ਨੂੰ ਪ੍ਰਮੋਟ ਕੀਤਾ ਜਾਵੇ, ਉਨਾ ਚੰਗਾ ਹੈ।ਪਰ ਅਸੀਂ ਇਸ ਬਿਲ ਨੂੰ, ਲਾਅ ਯੂਨੀਵਰਸਿਟੀ ਐਸਟੈਬਲਿਸ਼ ਕਰਨ ਨੂੰ ਸਪੋਰਟ ਕਰਦੇ ਹਾਂ। ਪਰ ਮੇਰੀ ਇਸ ਵਿੱਚ ਇਹ ਰਿਕੁਐਸਟ ਵੀ ਹੈ ਤੇ ਮੈਂ ਇਹ ਅਮੈਂਡਮੈਂਟ ਵੀ ਪੇਸ਼ ਕਰਨੀ ਚਾਹਾਂਗਾ ਕਿ ਇਸ ਵਿੱਚ ਇਸ ਤਰੀਕੇ ਦੀ ਇੱਕ ਪ੍ਰੋਵੀਜ਼ਨ ਜਾਂ ਮੱਦ ਪਾਈ ਜਾਵੇ ਕਿ ਜਿਹੜੀ Life long Financial Assistance ਹੈ, ਉਹ ਕਿੰਨੀ ਮਿਲੇਗੀ? ਅਸੀਂ ਪਿਛਲੇ ਦਿਨਾਂ ਵਿੱਚ ਦੇਖਿਆ ਹੈ ਉਹ ਚਾਹੇ ਪੰਜਾਬੀ ਯੂਨੀਵਰਸਿਟੀ ਦੀ ਗੱਲ ਕਰ ਲਓ, ਚਾਹੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਗਲ ਕਰ ਲਓ, ਅੱਜ ਉਨ੍ਹਾਂ ਦੇ ਸਟਾਫ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ। ਸਰਕਾਰ ਵੱਲੋਂ ਸੁਜੈਸਟ ਕਰ ਦਿੱਤਾ ਜਾਂਦਾ ਹੈ ਕਿ ਤੁਸੀਂ ਬੱਚਿਆਂ ਦੀਆਂ ਫੀਸਾਂ ਵਧਾ ਲਓ। ਤੁਸੀਂ ਕਾਲਜ, ਯੂਨੀਵਰਸਿਟੀਆਂ ਖੂਬ ਬਣਾਓ, ਅਸੀਂ ਇਸ ਗੱਲ ਨਾਲ ਸਹਿਮਤ ਹਾਂ। ਅਸੀਂ ਤੁਹਾਡੇ ਨਾਲੋਂ ਦੋ ਕਦਮ ਅੱਗੇ ਹੋ ਕੇ ਸਪੋਰਟ ਕਰਾਂਗੇ ਪਰ ਸਰ, ਉਨ੍ਹਾਂ ਨੂੰ ਸਾਰੀ ਉਮਰ ਬਚਾ ਕੇ ਕਿਵੇਂ ਰੱਖਣਾ ਹੈ, ਉਨ੍ਹਾਂ ਦੀ ਬਾਂਹ ਕਿਵੇਂ ਫੜ ਕੇ ਰੱਖਣੀ ਹੈ, ਇਸ ਬਾਰੇ ਵੀ ਧਿਆਨ ਰੱਖਿਆ ਜਾਵੇ। ਵੈਸੇ ਤਾਂ ਸਰ, ਪੰਦਰਾਂ ਦਿਨ ਪਹਿਲਾਂ ਸਾਡੇ ਕੋਲ ਬਿਲ ਪਹੁੰਚਣੇ ਚਾਹੀਦੇ ਸੀ, ਪਰ ਨਹੀਂ ਪਹੁੰਚੇ ਸੀ।ਸਾਡੇ ਕੋਲ ਬਿਲ 15 ਮਿੰਟ ਪਹਿਲੇ ਵੀ ਨਹੀਂ ਪਹੁੰਚੇ ਹਨ। ਸਾਡੇ ਵੱਲੋਂ ਬਿਲ ਪੜ੍ਹਿਆ ਹੀ ਨਹੀਂ ਗਿਆ ਪਰ ਮੇਰੀ ਇੱਕ ਰਿਕੁਐਸਟ ਜ਼ਰੂਰ ਹੈ ਕਿ ਜੇ ਇਹ ਮੱਦ ਇਸ ਵਿੱਚ ਨਹੀਂ ਹੈ ਕਿ ਉਨ੍ਹਾਂ ਦੀ ਫਾਈਨਾਂਸ਼ੀਅਲ ਅਸਿਸਟੈਂਸ ਕਿੰਨੇ ਪਰਸੈਂਟ ਹੈ ਜਾਂ ਫਿਗਰਜ਼ ਵਿੱਚ ਦੱਸਿਆ ਜਾਵੇ ਕਿ ਕਿੰਨੀ ਫਾਈਨਾਂਸ਼ੀਅਲ ਅਸਿਸਟੈਂਸ ਹੈ, ਇਹ ਜ਼ਰੂਰ ਮੈਨਸ਼ਨ ਹੋਣੀ ਚਾਹੀਦੀ ਹੈ ਤਾਂ ਕਿ ਉਹ ਯੂਨੀਵਰਸਿਟੀਆਂ ਸਾਰੀ ਉਮਰ ਚਲਦੀਆਂ ਰਹਿਣ ਨਹੀਂ ਤਾਂ ਹੌਲੀ-ਹੌਲੀ ਸਾਰੀ ਯੂਨੀਵਰਸਿਟੀਆਂ ਦਮ ਤੋੜ ਜਾਂਦੀਆਂ ਹਨ। ਮਿਹਰਬਾਨੀ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਚੰਨੀ ਜੀ। ਪ੍ਰੋਫੈਸਰ ਬਲਜਿੰਦਰ ਕੌਰ ਜੀ ਤੁਸੀਂ ਬਾਅਦ ਵਿੱਚ ਬੋਲ ਲੈਣਾ। ਪਹਿਲਾਂ ਜ਼ਰਾ ਚੰਨੀ ਜੀ ਬੋਲ ਲੈਣ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਸਪੀਕਰ ਸਾਹਿਬ, ਪੰਜਾਬ ਸਰਕਾਰ ਇਸ ਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਪੂਰਾ ਸਾਲ ਮਨਾ ਰਹੀ ਹੈ। ਇਸੇ ਤਰ੍ਹਾਂ ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਪ੍ਰਕਾਸ਼ ਸਾਲ ਮਨਾਇਆ ਗਿਆ ਹੈ ਉਸ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪੰਜਾਬ ਸਰਕਾਰ ਨੇ ਮਨਾਇਆ ਹੈ, ਜਿਸ ਦੀ ਵਰਲਡ ਵਾਈਡ ਸ਼ਲਾਘਾ ਹੋਈ ਹੈ। ਮੁੱਖ ਮੰਤਰੀ ਜੀ ਨੇ ਖਾਸ ਤੌਰ ਤੇ ਉਸ ਵਿਚ ਦਿਲਚਸਪੀ ਲਈ ਹੈ। ਬਹੁਤ ਵੱਡੇ ਪ੍ਰੋਗਰਾਮ ਹੋਏ ਅਤੇ ਬਹੁਤ ਵੱਡੀ ਡਿਵੈਲਪਮੈਂਟ ਹੋਈ ਹੈ। ਉਸੇ ਤਰਜ਼ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਹੜੇ ਕਿ ਹਿੰਦ ਦੀ ਚਾਦਰ ਹਨ, ਇਸ ਸਾਲ ਨੂੰ ਹਿੰਦੂ-ਸਿੱਖ ਏਕਤਾ ਦੇ ਸਾਲ ਵਜੋਂ ਮਨਾਇਆ ਜਾਣਾ ਹੈ। ਮੁੱਖ ਮੰਤਰੀ ਜੀ ਨੇ ਆਦੇਸ਼ ਕੀਤੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪ੍ਰਕਾਸ਼ ਸ਼ਤਾਬਦੀ ਆਈ ਹੈ, ਇਸ ਪਾਵਨ ਮੌਕੇ ਨੂੰ ਵੀ ਉਸੇ ਤਰਜ਼ ਤੇ ਮਨਾਇਆ ਜਾਵੇ। ਅੱਜ ਜਿਹੜੀ ਇਹ ਯੂਨੀਵਰਸਿਟੀ ਲੈ ਕੇ ਆਉਂਦੀ ਹੈ, ਇਹ ਵੀ ਉਸੇ ਤਰਜ਼ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕੀਤੀ ਗਈ ਹੈ। ਸਰ, ਤੁਸੀਂ ਤਾਂ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੀ ਨੁਮਾਇੰਦਗੀ ਕਰਦੇ ਹੋ। ਤੁਹਾਨੂੰ ਸਾਰਾ ਕੁਝ ਪਤਾ ਹੈ। ਸ੍ਰੀ ਅਨੰਦਪੁਰ ਸਾਹਿਬ ਨੌਵੇਂ ਪਾਤਸ਼ਾਹ ਜੀ ਨੇ ਹੀ ਵਸਾਇਆ ਅਤੇ ਉਥੇ ਗੁਰੂ ਸਾਹਿਬ ਕਿੰਨੀ ਦੇਰ ਰਹੇ ਤੇ ਉੱਥੇ ਹੀ ਉਨ੍ਹਾਂ ਪਾਸ ਕਸ਼ਮੀਰੀ ਪੰਡਿਤ ਆਏ।

**ਮਾਨਯੋਗ ਸਪੀਕਰ:** ਗੁਰੂ ਸਾਹਿਬ 13 ਸਾਲ ਰਹੇ, 13 ਸਾਲ ਰਹੇ ਸਨ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਗੁਰੂ ਸਾਹਿਬ ਉੱਥੇ 13 ਸਾਲ ਰਹੇ। ਉਨ੍ਹਾਂ ਨੇ ਹਿੰਦੂ ਧਰਮ ਦੀ ਰਾਖੀ ਵਾਸਤੇ, ਧਰਮ ਦੀ ਰਾਖੀ ਵਾਸਤੇ ਸ਼ਹਾਦਤ ਦਿੱਤੀ, ਉਨ੍ਹਾਂ ਦੇ ਨਾਂ ਤੇ ਇਹ ਯੂਨੀਵਰਸਿਟੀ ਬਣਾਈ ਜਾ ਰਹੀ ਹੈ। ਮੈਂ ਉਸ ਲਈ ਮੁੱਖ ਮੰਤਰੀ ਜੀ ਅਤੇ ਮਾਨਯੋਗ ਮੰਤਰੀ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। (ਥੰਪਿੰਗ)

**ਮਾਨਯੋਗ ਸਪੀਕਰ:** ਧੰਨਵਾਦ, ਧੰਨਵਾਦ। ਹਾਂ ਜੀ, ਪ੍ਰੋਫੈਸਰ ਬਲਜਿੰਦਰ ਕੌਰ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਇਸ ਦੇ ਨਾਲ ਹੀ ਮੈਂ ਵਧਾਈ ਦਿੰਦਾ ਹਾਂ ਕਿ ਇਹ ਇੱਕ ਬਹੁਤ ਵੱਡਾ ਕਦਮ ਚੁੱਕਿਆ ਗਿਆ ਹੈ।

**ਮਾਨਯੋਗ ਸਪੀਕਰ:** ਧੰਨਵਾਦ, ਧੰਨਵਾਦ। ਹਾਂ ਜੀ, ਪ੍ਰੋਫੈਸਰ ਬਲਜਿੰਦਰ ਕੌਰ ਜੀ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ):** ਸਰ, ਚਲੋ ਇਹ ਚੰਗੀ ਗੱਲ ਹੈ ਕਿ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ ਬਿਲ ਲੈ ਕੇ ਆਉਂਦਾ ਹੈ। ਇਹ ਵਧੀਆ ਗੱਲ ਹੈ ਪਰ ਇਸ ਦੇ ਨਾਲ-ਨਾਲ ਮੈਂ ਇੱਕ ਗੱਲ ਸਦਨ ਦੇ ਜ਼ਰੀਏ ਸਰਕਾਰ ਦੇ ਧਿਆਨ ਵਿੱਚ ਲੈ ਕੇ ਆਉਣਾ ਚਾਹੁੰਦੀ ਹਾਂ ਕਿ ਸਭ ਤੋਂ ਪਹਿਲਾਂ ਤਾਂ ਅਸੀਂ ਨਵੇਂ ਅਦਾਰਿਆਂ ਨੂੰ ਇਸਟੈਬਲਿਸ਼ ਕਰੀਏ। ਮੇਰੇ ਖਿਆਲ ਨਾਲ ਇਹ ਜ਼ਰੂਰੀ ਬਣਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਅੱਗੇ ਜਿਹੜੇ ਸਾਡੇ ਸਟਾਫ ਟੀਚਰਜ਼ ਧਰਨੇ ਤੇ ਬੈਠੇ ਹਨ, ਉਹ ਕਿਉਂ ਬੈਠੇ ਹਨ? ਉਨ੍ਹਾਂ ਦੀਆਂ ਕੀ ਮੰਗਾਂ ਹਨ? ਕਿੰਨੇ ਟਾਈਮ ਤੋਂ ਉਹ ਧਰਨਾ ਚੱਲ ਰਿਹਾ ਹੈ, ਖਾਸ ਕਰਕੇ ਇਸ ਕਰੋਨਾ ਦੇ ਟਾਈਮ ਵਿਚ ਵੀ ਧਰਨਾ ਚੱਲ ਰਿਹਾ ਹੈ। ਸੋ, ਮੈਨੂੰ ਇਹ ਲੱਗਦਾ ਹੈ ਕਿ ਸਰਕਾਰ ਪਹਿਲਾਂ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ, ਉੱਥੋਂ ਦੇ ਸਾਰੇ ਸਟਾਫ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ ਤਾਂ ਹੀ ਅਸੀਂ ਅਗਲੇ ਅਦਾਰੇ ਖੋਲ੍ਹਣ ਦੀ ਸਮਰੱਥਾ ਵਿਚ ਆਉਂਦੇ ਹਾਂ ਕਿਉਂਜੋ ਜਿਹੜੇ ਪਹਿਲਾਂ ਅਦਾਰੇ ਚੱਲ ਰਹੇ ਹਨ, ਉਨ੍ਹਾਂ ਦੇ ਸਟਾਫ ਨੂੰ ਸੈਟਿਸਫਾਈ ਕਰਵਾਈਏ, ਉੱਥੋਂ ਦੇ ਸਟੂਡੈਂਟਸ ਨੂੰ ਸੈਟਿਸਫਾਈ ਕਰਵਾਈਏ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਇੱਕ ਗੱਲ ਹੋਰ ਕਹਾਂਗੀ ਕਿ ਇੱਥੇ ਸਾਡੇ ਮਾਨਯੋਗ ਸਿੱਖਿਆ ਮੰਤਰੀ, ਸ਼੍ਰੀ ਵਿਜੈ ਇੰਦਰ ਸਿੰਗਲਾ ਜੀ ਬੈਠੇ ਹਨ। ਪਹਿਲਾਂ ਮੈਨੂੰ ਇਸ ਗੱਲ ਦਾ ਮਾਣ ਹੁੰਦਾ ਸੀ। ਇਨ੍ਹਾਂ ਦੇ ਗੇਟ ਦੇ ਅੱਗੇ ਧਰਨਾ ਲਗਾ ਕੇ ਉਹ ਸਟੂਡੈਂਟਸ ਜਿਨ੍ਹਾਂ ਨੂੰ ਅੱਜ ਤੱਕ ਇਹ ਮੰਨਿਆ ਗਿਆ ਕਿ ਓਪਨ ਸਕੂਲ ਵਾਲੇ ਤਾਂ ਸ਼ਾਇਦ ਨਲਾਇਕ ਸਟੂਡੈਂਟਸ ਹੁੰਦੇ ਹਨ, ਜਿਹੜੇ ਕਿਸੇ ਗਿਣਤੀ ਵਿੱਚ ਨਹੀਂ ਆਉਂਦੇ ਪਰ ਮੈਨੂੰ ਇਸ ਗੱਲ ਦਾ ਗਹਿਰਾ ਅਫਸੋਸ ਹੈ ਕਿ ਉਹ ਨਲਾਇਕ ਸਟੂਡੈਂਟਸ ਨਹੀਂ ਹੁੰਦੇ, ਜਿਹੜੇ ਕਿਸੇ ਗਿਣਤੀ ਵਿੱਚ ਨਹੀਂ ਆਉਂਦੇ। ਉਹ ਅਜਿਹੇ ਸਟੂਡੈਂਟਸ ਹਨ ਜਿਹੜੇ ਵਿਚਾਰੇ ਗਰੀਬੀ ਦੇ ਮਾਰੇ ਹੋਏ, ਗਰੀਬੀ ਹੰਢਾਉਂਦੇ ਹੋਏ ਆਪਣੀਆਂ ਕਲਾਸਾਂ ਨਹੀਂ ਲਗਾ ਸਕਦੇ, ਆਪਣਾ ਦਾਖਲਾ ਨਹੀਂ ਭਰ ਸਕਦੇ। ਉਹ ਦਿਹਾੜੀਆਂ ਕਰਦੇ ਹੋਏ ਓਪਨ ਸਕੂਲ ਵਿਚ ਦਾਖਲੇ ਲੈਂਦੇ ਹਨ, ਰੈਗੂਲਰ ਕਲਾਸਿਜ਼ ਨਹੀਂ ਲਗਾ ਸਕਦੇ। ਪੰਜਾਬ ਸਰਕਾਰ ਨੂੰ ਇਹ ਚੀਜ਼ ਪਤਾ ਹੈ ਕਿ ਆਰਮੀ ਦੀ ਭਰਤੀ ਲਈ 30 ਅਗਸਤ ਲਾਸਟ ਡੇਟ ਹੈ।ਪੂਰੇ ਪੰਜਾਬ ਵਿੱਚ 31,000 ਸਟੂਡੈਂਟਸ ਹਨ, ਜਿਹੜੇ ਇੱਕ ਸਾਲ ਦੀ ਫੀਸ 15,000/- ਰੁਪਏ ਅਦਾ ਕਰਦੇ ਹਨ। 46 ਕਰੋੜ 50 ਲੱਖ ਰੁਪਿਆ ਉਨ੍ਹਾਂ ਦੀ ਫੀਸ ਜਮ੍ਹਾਂ ਹੋਈ ਹੈ। ਹਾਲਾਂਕਿ ਸਾਰੀਆਂ ਸਟੇਟਸ ਨੇ ਓਪਨ ਸਟੂਡੈਂਟਸ ਦਾ ਰਿਜ਼ਲਟ ਡਿਕਲੇਅਰ ਕਰ ਦਿੱਤਾ ਲੇਕਿਨ ਇਕੱਲੀ ਇੱਕੋ ਪੰਜਾਬ ਸਟੇਟ ਬਚਦੀ ਹੈ, ਜਿਸ ਨੇ ਓਪਨ

[ਪ੍ਰੋਫੈਸਰ ਬਲਜਿੰਦਰ ਕੌਰ]

ਸਟੂਡੈਂਟਸ ਦਾ ਰਿਜ਼ਲਟ ਡਿਕਲੇਅਰ ਨਹੀਂ ਕੀਤਾ। ਸੋ, ਸਪੀਕਰ ਸਾਹਿਬ, ਇਹ ਯੂਨੀਵਰਸਿਟੀ ਨਾਲ ਰਿਲੇਟਿਡ ਹੈ, ਇਸ ਕਰਕੇ ਮੈਂ ਇਹ ਗੱਲ ਜੋੜੀ ਹੈ ਕਿ ਜਦੋਂ ਸਰਕਾਰ ਨਵੀਆਂ ਇੰਸਟੀਚਿਊਸ਼ਨਜ਼ ਦੀ ਓਪਨਿੰਗ ਕਰਦੀ ਹੈ ਤਾਂ ਮੈਨੂੰ ਇਹ ਲੱਗਦਾ ਹੈ ਕਿ ਲਾਜ਼ਮੀ ਇੱਥੇ ਕਹਿਣਾ ਬਣਦਾ ਹੈ ਕਿ ਜਿਹੜੇ ਆਲਰੇਡੀ ਇੰਸਟੀਚਿਊਸ਼ਨਜ਼ ਚੱਲ ਰਹੇ ਹਨ, ਉਨ੍ਹਾਂ ਦੀ ਅਸੀਂ ਰੈਗੂਲੇਸ਼ਨ ਪਰਾਪਰ ਕਰੀਏ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

> ਕਿ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ, ਪੰਜਾਬ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

> ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 38**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 38 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਕਲਾਜ਼ਾਂ 2 ਤੋਂ 38 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਸਵੱਲੀ ਨਿਗ੍ਹਾ ਮਾਰਿਓ ਜੀ।

**ਮਾਨਯੋਗ ਸਪੀਕਰ:** ਹਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਤੁਸੀਂ ਬੜੀ ਕ੍ਰਿਪਾ ਕਰ ਰਹੇ ਹੋ। ਬੜੇ ਮਹੱਤਵਪੂਰਨ ਬਿਲ ਲਿਆ ਰਹੇ ਹੋ ਪਰ ਇਨ੍ਹਾਂ ਕਲਾਜ਼ਾਂ ਬਾਰੇ ਤਾਂ ਸਾਨੂੰ ਪਤਾ ਹੀ ਨਹੀਂ ਹੈ ਕਿਉਂਕਿ ਇਹ ਕਲਾਜ਼ਾਂ ਤਾਂ ਅਸੀਂ ਪੜ੍ਹੀਆਂ ਹੀ ਨਹੀਂ ਹਨ। ਜੇਕਰ ਅਸੀਂ ਪੜ੍ਹੀਆਂ ਹੀ ਨਹੀਂ ਹਨ ਤਾਂ ਫਿਰ ਉਨ੍ਹਾਂ ਉੱਤੇ ਵੋਟਿੰਗ ਕਰਨ ਦਾ ਕੀ ਫਾਇਦਾ ਹੈ? ਸਾਨੂੰ ਇਹ ਬਿਲ 15 ਦਿਨ ਪਹਿਲਾਂ ਦਿਆ ਕਰੋ। ਇੱਥੇ ਸਦਨ ਵਿੱਚ ਤੁਹਾਡੇ ਸਾਹਮਣੇ ਮਾਨਯੋਗ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਜੀ ਵਾਅਦਾ ਕਰਕੇ ਗਏ ਹਨ। ਲੇਕਿਨ ਹਾਲੇ ਤੱਕ ਸਾਨੂੰ ਬਿਲਾਂ ਦੀਆਂ ਕਾਪੀਆਂ ਨਹੀਂ ਦਿੱਤੀਆਂ ਗਈਆਂ। ਆਪਾਂ ਕਿਤੇ ਡੈਮੋਕਰੇਸੀ ਦਾ ਮਜ਼ਾਕ ਗਾਹੇ-ਬਗਾਹੇ ਤਾਂ ਨਹੀਂ ਉਡਾਈ ਜਾਂਦੇ? ਸਰ, ਇਹ ਬੜੇ ਹੀ ਅਫਸੋਸ ਵਾਲੀ ਗੱਲ ਹੈ।

**ਮਾਨਯੋਗ ਸਪੀਕਰ:** ਚਲੋ ਤੁਸੀਂ ਬੈਠੋ।

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ, ਪੰਜਾਬ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ, ਪੰਜਾਬ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ, ਪੰਜਾਬ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## 2. THE PUNJAB GOOD CONDUCT PRISONERS (TEMPORARY RELEASE) AMENDMENT BILL, 2020

***(Replacing Ordinance)***

**ਮਾਨਯੋਗ ਸਪੀਕਰ :** ਅਗਲਾ ਬਿਲ। ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਮੰਤਰੀ ਜੀ ਹੁਣ ਬਿਲ ਪੇਸ਼ ਕਰਨਗੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

## 3. THE PUNJAB FISCAL RESPONSIBILITY AND BUDGET MANAGEMENT (SECOND AMENDMENT) BILL, 2020

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2020 ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸਰਦਾਰ ਬਲਦੇਵ ਸਿੰਘ ਜੀ।

**ਸਰਦਾਰ ਬਲਦੇਵ ਸਿੰਘ ਕਲਿਆਣ (ਜੈਤੋ, ਐਸ.ਸੀ.):** ਸਪੀਕਰ ਸਾਹਿਬ, ਜਿਹੜੀ ਇਹ ਸੋਧਨਾ ਬਿਲ ਦੀ ਗੱਲ ਕੀਤੀ ਗਈ ਹੈ ਇਸ ਸਬੰਧੀ ਐਸ.ਸੀ. ਬੱਚਿਆਂ ਦਾ ਵਜ਼ੀਫਾ ਹੈ, ਸਕਾਲਰਸ਼ਿਪ ਹੈ ਉਸ ਦੇ ਵਿੱਚ ਬਹੁਤ ਵੱਡਾ ਘਪਲਾ ਹੋਇਆ ਹੈ। ਮੰਤਰੀ, ਧਰਮਸੋਤ ਜੀ ਬੈਠੇ ਹਨ। ਲਗਭਗ ਸਵਾ ਤਿੰਨ ਸਾਲ, ਸਾਢੇ ਤਿੰਨ ਸਾਲ ਤੋਂ ਇਹ ਜੋ ਘਪਲਾ ਹੋ ਰਿਹਾ ਹੈ ਉਸ ਬਾਰੇ ਇਹ ਇੱਕੋ ਗੱਲ ਕਹਿੰਦੇ ਹਨ ਕਿ ਕੋਰਟ ਵਿੱਚ ਇਹ ਮਾਮਲਾ ਚੱਲ ਰਿਹਾ ਹੈ। ਪਿਛਲੇ ਦਿਨਾਂ ਵਿੱਚ ਇਸ ਬਾਰੇ ਇੱਕ ਰਿਪੋਰਟ ਆਈ ਹੈ ਉਸ ਵਿੱਚ ਬਹੁਤ ਵੱਡਾ ਘਪਲਾ ਹੋਇਆ ਹੈ ਜਿਸ ਵਿੱਚ 63 ਕਰੋੜ ਰੁਪਏ ਦੇ ਸਿੱਧੇ ਘਪਲੇ ਦੀ ਗੱਲ ਹੋਈ ਹੈ। ਦੂਜੇ ਨੰਬਰ ਤੇ 39 ਕਰੋੜ ਰੁਪਿਆ ਕਿਸੇ ਰਿਕਾਰਡ ਵਿੱਚ ਹੀ ਨਹੀਂ ਹੈ, ਉਹ ਰਿਕਾਰਡ ਨਾਲ ਤਾਲਮੇਲ ਹੀ ਨਹੀਂ ਖਾਂਦਾ। ਜਿੱਥੇ ਜਿੱਥੇ ਵਜ਼ੀਫਾ ਦਿੱਤਾ ਗਿਆ ਹੈ, 25 ਕਰੋੜ ਰੁਪਿਆ ਵਾਧੂ ਦੇ ਦਿੱਤਾ ਗਿਆ ਹੈ। ਮੈਂ ਹੈਰਾਨੀ ਨਾਲ ਕਹਿ ਰਿਹਾ ਹਾਂ ਕਿ ਐਸ.ਸੀ. ਮੰਤਰੀ ਹੋਵੇ ਅਤੇ ਫਿਰ ਵੀ ਐਸ.ਸੀ. ਬੱਚਿਆਂ ਦੇ ਵਜ਼ੀਫੇ ਵਿੱਚ ਘਪਲਾ ਹੋਵੇ, ਇਹ ਬਹੁਤ ਹੀ ਦੁਖਦਾਈ ਘਟਨਾ ਹੈ। ਇਨ੍ਹਾਂ ਨੂੰ ਇਸ ਸਬੰਧੀ ਬਿਆਨ ਦੇਣਾ ਬਣਦਾ ਹੈ। ਜਦੋਂ ਅਸੀਂ ਫੀਲਡ ਦੇ ਵਿੱਚ ਜਾਂਦੇ ਹਾਂ, ਜਦੋਂ ਕਾਲਜਾਂ ਦੇ ਵਿੱਚ ਜਾਂਦੇ ਹਾਂ ਤਾਂ ਉਨ੍ਹਾਂ ਐਸ.ਸੀ. ਬੱਚਿਆਂ ਨੂੰ ਕਿਹਾ ਜਾਂਦਾ ਹੈ ਕਿ ਜਦੋਂ ਤੁਹਾਡਾ ਵਜ਼ੀਫਾ ਆਵੇਗਾ ਤਾਂ ਉਸ ਵਿੱਚੋਂ ਤੁਹਾਡੀ ਫੀਸ ਕੱਟ ਲਈ ਜਾਵੇਗੀ। ਮੈਂ ਲਾਅ ਕਾਲਜ ਦੇ ਵਿੱਚ ਗਿਆ ਹਾਂ। ਉੱਥੇ ਜਿਹੜੇ ਐਸ.ਸੀ. ਬੱਚੇ ਪੜ੍ਹਦੇ ਹਨ, ਉਹ ਫੀਸਾਂ ਦੇਣ ਵਿੱਚ ਨਾਕਾਮ ਹਨ। ਜਿਹੜੇ ਐਸ.ਸੀ. ਬੱਚੇ ਦਿਹਾੜੀਆਂ ਲਗਾਉਂਦੇ ਹਨ ਅਤੇ ਕਾਲਜਾਂ ਵਿੱਚ ਐਡਮਿਸ਼ਨਾਂ ਲਈਆਂ ਹਨ ਉਨ੍ਹਾਂ ਬੱਚਿਆਂ ਤੋਂ ਪਹਿਲਾਂ ਲਿਖਵਾਇਆ ਜਾਂਦਾ ਹੈ ਕਿ ਜਿਹੜਾ ਵਜ਼ੀਫਾ ਆਵੇਗਾ ਉਸ ਵਿੱਚੋਂ ਫੀਸ ਕੱਟ ਲਈ ਜਾਵੇਗੀ ਪਰ ਜਦੋਂ ਵਜ਼ੀਫਾ ਹੀ ਨਹੀਂ ਪਹੁੰਚਦਾ ਤਾਂ ਉਨ੍ਹਾਂ ਬੱਚਿਆਂ ਦੇ ਰੋਲ ਨੰਬਰ ਨਹੀਂ ਦਿੱਤੇ ਜਾਂਦੇ। ਇਹੋ ਜਿਹੇ ਬੱਚੇ ਫੀਸ ਕਿੱਥੋਂ ਦੇਣਗੇ? ਮੇਰੀ ਬੇਨਤੀ ਹੈ ਕਿ ਇਨ੍ਹਾਂ ਦਾ ਮੰਤਰੀ ਪਦ ਖਤਮ ਕਰਨਾ ਚਾਹੀਦਾ ਹੈ ਅਤੇ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਧੰਨਵਾਦ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਧੰਨਵਾਦ ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਗੱਲ ਕਰਕੇ ਗਏ ਹਨ ਮੈਂ ਉਸ ਦੇ ਸਬੰਧ ਵਿੱਚ ਗੱਲ ਕਰਨੀ ਚਾਹੁੰਦਾ ਹਾਂ। ਇਹ ਮਸਲਾ ਫਾਇਨਾਂਸ ਨਾਲ ਜੁੜਿਆ ਹੋਇਆ ਹੈ। ਇਸ ਵਿੱਚ ਬਹੁਤ ਵੱਡਾ ਘਪਲਾ ਹੋਇਆ ਹੈ ਜਿਹੜਾ ਆਪੋਜ਼ੀਸ਼ਨ ਨੇ ਉਜਾਗਰ ਨਹੀਂ ਕੀਤਾ। ਮੇਰੇ ਕੋਲ ਰਿਪੋਰਟ ਹੈ। ਮੈਂ ਉਸ ਸੀਨੀਅਰ ਆਈ.ਏ.ਐਸ. ਅਫਸਰ ਸ਼੍ਰੀ ਕਿਰਪਾ ਸ਼ੰਕਰ ਸਰੋਜ ਨੂੰ ਸਲਾਮ ਕਰਦਾ ਹਾਂ ਜਿਨ੍ਹਾਂ ਨੇ ਦਿਆਨਤਦਾਰੀ ਅਤੇ ਇਮਾਨਦਾਰੀ ਦਾ ਸਬੂਤ ਦਿੱਤਾ ਹੈ। ਸਾਡੇ ਕੋਲ ਦਲਿਤ ਵਿਦਿਆਰਥੀ ਆਉਂਦੇ ਹਨ ਅਤੇ ਮੇਰੇ ਕੋਲ videos ਵੀ ਲੈ ਕੇ ਆਉਂਦੇ ਹਨ ਜਿਸ ਵਿੱਚ literally ਕਾਲਜ ਦੇ ਪ੍ਰਿੰਸੀਪਲ ਬੱਚਿਆਂ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਨੂੰ ਕਹਿੰਦੇ ਹਨ ਕਿ ਤੇਰਾ ਬਾਪ ਤੈਨੂੰ ਪੜ੍ਹਾਉਣ ਦੇ ਕਾਬਿਲ ਨਹੀਂ ਹੈ। ਇਹ ਉਨ੍ਹਾਂ ਦਲਿਤ ਵਿਦਿਆਰਥੀਆਂ ਦੇ ਭਵਿੱਖ ਨਾਲ ਜੁੜਿਆ ਹੋਇਆ ਅਹਿਮ ਮਸਲਾ ਹੈ। ਮਿਤੀ 1-4-2019 ਨੂੰ ਵਿੱਤ ਵਿਭਾਗ ਨੇ ਇੱਕ ਆਰਡਰ ਜਾਰੀ ਕੀਤਾ ਕਿ ਕੋਈ ਵੀ transaction DBT (Direct Benefit Transfer) ਤੋਂ ਬੈਂਕ ਜ਼ਰੀਏ ਨਹੀਂ ਹੋਵੇਗੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਤੁਹਾਡੇ ਕੈਬਨਿਟ ਵਜ਼ੀਰ ਨੇ 248 ਕਰੋੜ ਰੁਪਿਆ, ਮਿਤੀ 1-4-2019 ਦੇ ਵਿੱਤ ਵਿਭਾਗ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਜਾਰੀ ਕੀਤਾ।

**ਮਾਨਯੋਗ ਸਪੀਕਰ:** ਮੈਂ ਸਾਰੇ ਸਤਿਕਾਰਯੋਗ ਮੈਂਬਰਜ਼ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਸੀ.ਐਮ. ਸਾਹਿਬ ਕੋਲ ਨਾ ਆਉਣ। ਸੋਸ਼ਲ ਡਿਸਟੈਂਸਿੰਗ ਦੀਆਂ ਧੱਜੀਆਂ ਨਾ ਉਡਾਉਣ। ਆਪਣੀਆਂ-ਆਪਣੀਆਂ ਸੀਟਾਂ ਤੇ ਬੈਠੋ। ਬਾਅਦ ਵਿੱਚ ਮਿਲ ਲੈਣਾ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਇਹ ਜਿਹੜੇ ਵਿੱਤ ਵਿਭਾਗ ਦੇ ਮਿਤੀ 1.4.2019 ਦੇ ਹੁਕਮ ਹਨ, ਉਨ੍ਹਾਂ ਦੀਆਂ ਧੱਜੀਆਂ ਉਡਾ ਕੇ 248 ਕਰੋੜ ਰੁਪਿਆ ਆਈ.ਸੀ.ਆਈ.ਸੀ.ਆਈ. ਅਤੇ ਦੂਜੀਆਂ ਬੈਂਕਾਂ ਨੂੰ ਭੇਜਿਆ ਗਿਆ। ਇਸ ਦਾ ਕਾਰਨ ਕੀ ਸੀ? ਜੇਕਰ ਇਹ ਵਿੱਤ ਵਿਭਾਗ ਦੇ ਜ਼ਰੀਏ ਜਾਂਦਾ ਤਾਂ ਹੋ ਸਕਦਾ ਸੀ ਕਿ ਇਹ ਘਪਲਾ ਨਾ ਹੁੰਦਾ। ਸਪੀਕਰ ਸਾਹਿਬ, ਇਸ ਵਿੱਚ ਅਗਲੀ ਗੱਲ ਸੁਣੋ ਕਿ ਇਸ ਵਿੱਚ 10 ਅਜਿਹੀਆਂ ਸੰਸਥਾਵਾਂ ਹਨ, ਜਿਹੜੀਆਂ ਕਿ ਇਸ ਰਿਪੋਰਟ ਵਿੱਚ ਦਰਜ ਹਨ। ਇਹ 10 ਐਸੀਆਂ ਵਿੱਦਿਅਕ ਸੰਸਥਾਵਾਂ ਹਨ, ਜਿਨ੍ਹਾਂ ਵਿੱਚੋਂ ਦਲਿਤ ਬੱਚੇ ਡਰਾਪ ਆਊਟ ਕਰ ਗਏ ਜਿਨ੍ਹਾਂ ਵਿੱਚੋਂ ਕੋਈ ਬਾਹਰ ਚਲਾ ਗਿਆ, ਕਿਸੇ ਨੂੰ ਕੋਈ ਪ੍ਰਾਬਲਮ ਆ ਗਈ। ਇਸ ਕਰਕੇ ਉਹ ਕਾਲਜ ਛੱਡ ਗਏ ਅਤੇ ਆਪਣੀ ਐਜੂਕੇਸ਼ਨ ਛੱਡ ਗਏ। ਇਸ ਤਰ੍ਹਾਂ 8 ਕਰੋੜ 53 ਲੱਖ ਰੁਪਿਆ ਇਨ੍ਹਾਂ 10 ਵਿੱਦਿਅਕ ਸੰਸਥਾਵਾਂ ਤੋਂ ਗੌਰਮਿੰਟ ਨੇ ਲੈਣਾ ਹੈ ਪਰ ਸਪੀਕਰ ਸਾਹਿਬ, ਅਫਸੋਸ ਹੈ ਕਿ ਮੰਤਰੀ ਸਾਹਿਬ ਨੇ ਇਹ 8 ਕਰੋੜ 53 ਲੱਖ ਰੁਪਏ ਲੈਣ ਦੀ ਬਜਾਏ 16 ਕਰੋੜ 91 ਲੱਖ ਰੁਪਿਆ ਇਨ੍ਹਾਂ ਡਿਫਾਲਟਰ ਸੰਸਥਾਵਾਂ ਨੂੰ ਹੋਰ ਦੇ ਦਿੱਤਾ।

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਮੰਤਰੀ ਸਾਹਿਬ ਕੁਝ ਕਹਿਣ ਲੱਗੇ ਸੀ। ਤੁਸੀਂ ਉਨ੍ਹਾਂ ਦੀ ਗੱਲ ਸੁਣ ਲਓ। (ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ। ਇਸ ਖਸਾਰੇ ਤੋਂ ਬਾਅਦ ਜਿਨ੍ਹਾਂ ਦਾ ਮੈਂ ਨਾਮ ਲਿਆ ਹੈ, ਸੀਨੀਅਰ

ਆਈ.ਏ.ਐਸ. ਅਫਸਰ ਸ੍ਰੀ ਕਿਰਪਾ ਸ਼ੰਕਰ ਸਰੋਜ ਜੀ ਦਾ, ਉਨ੍ਹਾਂ ਨੇ ਚੀਫ ਸੈਕਟਰੀ ਤੱਕ ਪਹੁੰਚ ਕੀਤੀ। ਸਪੀਕਰ ਸਾਹਿਬ, 19 ਦਸੰਬਰ, 2019 ਨੂੰ ਉਸ ਵੇਲੇ ਦੇ ਚੀਫ ਸੈਕਟਰੀ, ਸ਼੍ਰੀ ਕਰਨ ਅਵਤਾਰ ਸਿੰਘ ਦੀ ਅਗਵਾਈ ਵਿੱਚ ਇਸ ਸਕੈਮ ਨੂੰ ਲੈ ਕੇ ਇੱਕ ਮੀਟਿੰਗ ਹੁੰਦੀ ਹੈ। ਉਸ ਮੀਟਿੰਗ ਦੇ ਵਿੱਚ ਇਸ ਸਕੈਮ ਦਾ ਕਿੰਗਪਿਨ ਡਿਪਟੀ ਡਾਇਰੈਕਟਰ, ਪਰਮਿੰਦਰ ਸਿੰਘ ਗਿੱਲ, ਨੂੰ ਸਸਪੈਂਡ ਕਰਨ ਦੇ ਆਰਡਰ ਹੁੰਦੇ ਹਨ। ਸਾਡੀ ਸਰਕਾਰ ਦੇ ਇਹ ਸਤਿਕਾਰਯੋਗ ਮੰਤਰੀ ਸਾਹਿਬ ਉਸ ਕੁਰੱਪਟ ਅਫਸਰ ਨੂੰ ਸਸਪੈਂਡ ਨਹੀਂ ਹੋਣ ਦਿੰਦੇ ਕਿਉਂਕਿ ਘਪਲਾ ਤਾਂ ਰੂਟ ਤੋਂ ਜਾ ਕੇ ਹੀ ਹੋਣਾ ਸੀ। ਸੋ, ਸਪੀਕਰ ਸਾਹਿਬ, ਹੁਣ ਜਿਹੜਾ 248 ਕਰੋੜ ਰੁਪਏ ਵਿੱਚੋਂ 192 ਕਰੋੜ ਰੁਪਿਆ ਉਨ੍ਹਾਂ ਸੰਸਥਾਵਾਂ ਨੂੰ ਚਲਿਆ ਗਿਆ ਹੈ, ਸੰਸਥਾਵਾਂ ਜਿਨ੍ਹਾਂ ਦਾ ਵਜੂਦ ਹੈ। ਮੈਂ ਵੀ ਇਸ ਗੱਲ ਨੂੰ ਮੰਨਦਾ ਹਾਂ ਕਿ 192 ਕਰੋੜ ਰੁਪਿਆ ਵਜੂਦ ਵਾਲੀਆਂ ਸੰਸਥਾਵਾਂ ਨੂੰ ਚਲਿਆ ਗਿਆ ਹੈ। ਇਹ ਜਿਹੜਾ 55 ਕਰੋੜ ਰੁਪਿਆ ਬਚਿਆ ਹੈ, ਉਸ ਵਿੱਚੋਂ 16 ਕਰੋੜ 91 ਲੱਖ ਰੁਪਿਆ ਉਨ੍ਹਾਂ ਨੂੰ ਚਲਿਆ ਗਿਆ ਹੈ ਜਿਨ੍ਹਾਂ ਸੰਸਥਾਵਾਂ ਦਾ ਕੋਈ ਵਜੂਦ ਹੀ ਨਹੀਂ, ਜਿਨ੍ਹਾਂ ਨੇ ਪਹਿਲਾਂ ਹੀ ਸਰਕਾਰ ਦਾ ਰਿਫੰਡ ਦੇਣਾ ਹੈ, ਉਨ੍ਹਾਂ ਕੋਲ ਚਲਿਆ ਗਿਆ ਹੈ। ਮੇਰੀ ਇਸ ਸਬੰਧੀ ਸਨਿਮਰ ਬੇਨਤੀ ਹੈ ਕਿ ਇਸ ਰਿਪੋਰਟ ਵਿੱਚ 39 ਕਰੋੜ ਰੁਪਏ ਐਸੇ ਹਨ, ਜਿਨ੍ਹਾਂ ਦਾ ਕੋਈ ਰਿਕਾਰਡ ਹੀ ਨਹੀਂ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਸਾਧੂ ਸਿੰਘ ਜੀ ਤੁਸੀਂ ਕੁਝ ਕਹਿਣ ਲੱਗੇ ਸੀ। (ਵਿਘਨ...ਸ਼ੋਰ) ਸਰਦਾਰ ਸਾਧੂ ਸਿੰਘ ਜੀ ਤੁਸੀਂ ਬੋਲੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸ਼੍ਰੀ ਅਮਨ ਅਰੋੜਾ ਆਪਣੀਆਂ-ਆਪਣੀਆਂ ਸੀਟਾਂ ਦੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

-------

## CLARIFICATION BY THE MINISTER

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ) :** ਸਪੀਕਰ ਸਾਹਿਬ, ਇਹ ਪਹਿਲਾਂ ਮੇਰੀ ਗੱਲ ਸੁਣ ਲੈਣ। (ਵਿਘਨ) ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਸਕਾਲਰਸ਼ਿਪ ਦੀ ਇਹ ਰਕਮ ਹੁੰਦੀ ਹੈ, ਇਹ ਫਾਈਨਾਂਸ ਡਿਪਾਰਟਮੈਂਟ ਤੋਂ ਆਡਿਟ ਹੁੰਦੀ ਹੈ। ਫਾਈਨਾਂਸ ਡਿਪਾਰਟਮੈਂਟ ਤੋਂ ਆਡਿਟ ਹੋ ਕੇ ਫਿਰ ਡਾਇਰੈਕਟੋਰੇਟ ਜਾਣੀ ਹੈ, ਇਸ ਤੋਂ ਬਾਅਦ ਜਿੱਥੇ-ਜਿੱਥੇ, ਜਿਸ-ਜਿਸ ਦੇ ਵੀ ਪੈਸੇ ਪਾਉਣੇ ਹਨ, ਉਸ ਦੀ ਜਾਂਚ ਕਰਨੀ ਹੈ। ਇਸ ਤੋਂ ਬਾਅਦ

ਸੈਕਟਰੀ ਸਾਹਿਬ ਕੋਲ ਫਾਈਲ ਜਾਣੀ ਹੈ ਉਨ੍ਹਾਂ ਨੇ ਸਾਈਨ ਕਰਨੇ ਹਨ ਤੇ ਉਸ ਤੋਂ ਬਾਅਦ ਮੇਰੇ ਕੋਲ ਫਾਈਲ ਆਉਣੀ ਚਾਹੀਦੀ ਹੈ। ਦੂਸਰੀ ਗੱਲ, ਜਿਹੜੇ ਇਨ੍ਹਾਂ ਨੇ ਇਲਜ਼ਾਮ ਲਾਏ ਹਨ, ਇੱਥੇ ਮਾਨਯੋਗ ਸੀ.ਐਮ. ਸਾਹਿਬ ਵੀ ਬੈਠੇ ਹਨ, ਮੈਂ ਹਰ ਇਨਕੁਆਰੀ ਲਈ ਤਿਆਰ ਹਾਂ। (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਬੈਠੋ ਜੀ, ਬੈਠੋ। (ਵਿਘਨ..ਸ਼ੋਰ) ਹਾਂ ਜੀ, ਸਰਦਾਰ ਕੁਲਤਾਰ ਸਿੰਘ ਸੰਧਵਾਂ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਕੋਰੋਨਾ ਦੀ ਬੜੀ ਵੱਡੀ ਲੜਾਈ ਲੜ ਰਹੇ ਹੋ। ਤੁਹਾਡੇ ਸਿਪਾਹੀ ਕੁਰੱਪਸ਼ਨ ਦੇ ਸ਼ਿਕਾਰ ਹੋ ਗਏ ਹਨ। ਇਹ ਮੰਤਰੀ ਜੀ ਲੜਾਈ ਨਹੀਂ ਲੜ ਸਕਦੇ।ਮੁੱਖ ਮੰਤਰੀ ਸਾਹਿਬ, ਇਨ੍ਹਾਂ ਨੂੰ ਡਿਸਮਿਸ ਕਰਕੇ ਗਰੀਬ ਬੱਚਿਆਂ ਨੂੰ ਇਨਸਾਫ ਦਿਵਾਇਆ ਜਾਵੇ। ਇਨ੍ਹਾਂ ਨੂੰ ਹੁਣੇ ਡਿਸਮਿਸ ਕੀਤਾ ਜਾਣਾ ਚਾਹੀਦਾ ਹੈ। ਅਸੀਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਬੜੀ ਇੱਜ਼ਤ ਕਰਦੇ ਹਾਂ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਸਰਕਾਰ ਵਿਰੋਧੀ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

-------

## THE PUNJAB FISCAL RESPONSIBILITY AND BUDGET MANAGEMENT (SECOND AMENDMENT) BILL, 2020

***(Resumption)***

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

** **Not recorded as ordered by the Chair.

*(Resumption)*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਉੱਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ, ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

## 4. THE PUNJAB CLINICAL ESTABLISHMENTS *(REGISTRATION AND REGULATION)* Bill, 2020 *(Replacing Ordinance)*

**ਮਾਨਯੋਗ ਸਪੀਕਰ :** ਸਰਦਾਰ ਬਲਬੀਰ ਸਿੰਘ ਸਿੱਧੂ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਬਿਲ ਪੇਸ਼ ਕਰਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ, ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** **Not recorded as ordered by the Chair.

**ਮਾਨਯੋਗ ਸਪੀਕਰ:** ਤੁਸੀਂ ਮਾਸਕ ਲਗਾ ਲਵੋ, ਮਾਸਕ ਲਗਾ ਲਵੋ। ( ਵੈੱਲ ਆਫ ਦਿ ਹਾਊਸ ਵਿੱਚ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ।)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2 ਅਤੇ 3**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਮਾਸਕ ਲੈ ਲਵੋ, ਮਾਸਕ ਲੈ ਲਵੋ। ਤੁਸੀਂ ਮਾਸਕ ਲੈ ਲਵੋ, ਲੈ ਲਓ, ਲੈ ਲਓ ।(ਵਿਘਨ) ਮੈਂ ਸਾਰਿਆਂ ਦੀ ਹੀ ਗੱਲ ਕਰ ਰਿਹਾ ਹਾਂ। ਬੈਂਸ ਸਾਹਿਬ, ਤੁਸੀਂ ਆਪਣੇ ਬੈਂਚਾਂ ਤੇ ਚਲੇ ਜਾਉ।(ਵਿਘਨ)

**ਕਲਾਜ਼ਾਂ 2 ਤੋਂ 54**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 54 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 54 ਤੱਕ ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਹੈ, ਉਹ ਕੋਈ ਵੀ ਚੀਜ਼ ਰਿਕਾਰਡ ਨਾ ਕੀਤੀ ਜਾਵੇ। ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਕੀਤਾ-

ਕਿ ਪੰਜਾਬ ਕਲੀਨੀਕਲ ਐਸਟੈਬਲਿਸ਼ਮੈਂਟਸ (ਰਜਿਸਟ੍ਰੇਸ਼ਨ ਅਤੇ ਵਿਨਿਯਮਨ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ। ਲੋਕ ਇਨਸਾਫ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਖਿਲਾਫ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

## 5. THE CONTRACT LABOUR (REGULATION AND ABOLITION) (PUNJAB AMEMDMENT) BILL, 2020

***(Replacing Ordinace)***

**ਮਾਨਯੋਗ ਸਪੀਕਰ :** ਕਿਰਤ ਮੰਤਰੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ ਬਿਲ ਪੇਸ਼ ਕਰਨ।

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸ਼੍ਰੀਮਾਨ ਜੀ, ਮੈਂ The Contract Labour (Regulation and Abolition) (Punjab Amemdment) Bill, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ The Contract Labour (Regulation and Abolition) (Punjab Amemdment) Bill, 2020 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ The Contract Labour (Regulation and Abolition) (Punjab Amemdment) Bill, 2020 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

---

** **Not recorded as ordered by the Chair.

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੇ 3 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਦਮ ਲੈ ਲਓ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਦਮ ਲੈ ਲਓ। ਬੈਠੋ..ਬੈਠੋ।

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ The Contract Labour (Regulation and Abolition) (Punjab Amendment) Bill, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ The Contract Labour (Regulation and Abolition) (Punjab Amendment) Bill, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ The Contract Labour (Regulation and Abolition) (Punjab Amendment) Bill, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## 6. THE INDUSTRIAL DISPUTES (PUNJAB AMENDMENT) BILL, 2020 *(Replacing Ordinance)*

**ਮਾਨਯੋਗ ਸਪੀਕਰ :** ਕਿਰਤ ਮੰਤਰੀ ਜੀ ਬਿਲ ਪੇਸ਼ ਕਰਨ।

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸ਼੍ਰੀਮਾਨ ਜੀ, ਮੈਂ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2020 ਪੇਸ਼ ਕਰਦਾ ਹਾਂ।

> ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –
>
> ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 7**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 7 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 7 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ। ਲੋਕ ਇਨਸਾਫ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਖਿਲਾਫ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਪਲੀਜ਼ ਬੈਠੋ। ਮੰਤਰੀ ਜੀ ਨੇ ਜਵਾਬ ਦੇ ਦਿੱਤਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਤੁਹਾਨੂੰ ਇਨ੍ਹਾਂ ਦੀ (ਮਾਸਕ ਸਬੰਧੀ) ਚਿੰਤਾ ਹੈ ਪਰ ਦਲਿਤ ਵਿਦਿਆਰਥੀਆਂ ਦੇ ਭਵਿੱਖ ਦੀ ਕੋਈ ਚਿੰਤਾ ਨਹੀਂ ਹੈ। (ਵਿਘਨ, ਸ਼ੋਰ)

---

** **Not recorded as ordered by the Chair.

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

***ਸਿਰਲੇਖ***

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਉਦਯੋਗਿਕ ਝਗੜੇ (ਪੰਜਾਬ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---------

## 7. THE PUNJAB GOODS AND SERVICES TAX (SECOND AMENDMENT) BILL, 2020

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**FINANCE MINISTER (SARDAR MANPREET SINGH BADAL):** Sir, I beg to introduce the Punjab Goods and Services Tax (Second Amendment) Bill,2020.

Sir, I also beg to move-

That the Punjab Goods and Services Tax (Second Amendment) Bill, 2020 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਦੂਜੀ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ** ** ਮੇਰੀ ਬੇਨਤੀ ਇਹ ਹੈ ਕਿ ਜਿਥੋਂ ਤੱਕ ਜੀ.ਐਸ.ਟੀ. ਬਿੱਲ ਦਾ ਸਵਾਲ ਹੈ। ਦੇਖੋ, ਪਹਿਲਾਂ ਵਾਲੀ ਹੀ ਗੱਲ ਹੈ ਕਿ 15 ਦਿਨ ਪਹਿਲਾਂ ਬਿਲ ਸਾਡੇ ਕੋਲ ਆਉਣੇ ਚਾਹੀਦੇ ਸੀ, ਪਾਰਲੀਮੈਂਟਰੀ ਅਫੇਅਰਜ਼ ਮੰਤਰੀ ਜੀ ਵੱਲੋਂ ਇਹ ਕੁਮਿੱਟਮੈਂਟ ਕੀਤੀ ਗਈ ਸੀ ਪਰ ਮੈਨੂੰ ਇਹ ਕੇ ਬਿਲ 15 ਮਿੰਟ ਪਹਿਲਾਂ ਮਿਲਿਆ ਹੈ। ਸੋ, ਮੇਰੇ ਤੋਂ ਇਹ ਪੜ੍ਹਿਆ ਨਹੀਂ ਗਿਆ ਪਰ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਤੁਸੀਂ ਅਮੈਂਡਮੈਂਟਸ ਕਰੀ ਜਾਓ, ਸਾਨੂੰ ਕੋਈ ਦਿੱਕਤ ਨਹੀਂ ਹੈ। ਜੀ.ਐਸ.ਟੀ. ਕੌਂਸਲ ਵਿਚ ਕੱਲ੍ਹ ਵਿੱਤ ਮੰਤਰੀ ਜੀ ਜਾ ਕੇ ਆਏ ਹਨ। ਅਸੀਂ ਇਨ੍ਹਾਂ ਦਾ ਕਨਸਰਨ ਵੀ ਸਮਝਦੇ ਹਾਂ ਪਰ ਜਿਸ ਤਰੀਕੇ ਨਾਲ ਐਕਸਾਈਜ਼ ਐਂਡ ਟੈਕਸੇਸ਼ਨ ਮਹਿਕਮੇ ਵਿਚ ਪਿਛਲੇ ਦਿਨਾਂ ਦੇ ਵਿਚ ਸੈਂਕੜੇ ਕਰੋੜਾਂ ਦਾ ਜੀ.ਐਸ.ਟੀ. ਦਾ ਘਪਲਾ ਹੋਇਆ ਹੈ, ਉਸ ਵਿਚ ਜਿਹੜੇ ਵੱਡੇ ਅਧਿਕਾਰੀ ਹਨ ਜਾਂ ਸਬੰਧਿਤ ਮੰਤਰੀ ਹਨ I am sorry to say that department lies with the Hon'ble C.M. Sahib. ਸਰ, ਕਿਸੇ ਸੀਨੀਅਰ ਅਧਿਕਾਰੀ ਜਾਂ ਪਾਲੀਟੀਸ਼ੀਅਨ ਦੀ ਜ਼ਿੰਮੇਵਾਰੀ ਫਿਕਸ ਨਾ ਕਰਕੇ ਜੇ ਮਹਿਜ਼ ਆਪਾਂ ਹੇਠਲੇ ਪੱਧਰ ਤੇ ਈ.ਟੀ.ਓਜ਼. ਅਤੇ

---

** **Expunged as ordered by the Hon'ble Speaker.

ਏ.ਡੀ.ਸੀਜ਼ ਤੇ ਕਾਰਵਾਈਆਂ ਕਰ ਦਿਆਂਗੇ ਤਾਂ ਇਸ ਤਰ੍ਹਾਂ ਜੀ.ਐਸ.ਟੀ. ਕੁਲੈਕਸ਼ਨ ਕਦੇ ਵੀ ਪੂਰੀ ਨਹੀਂ ਹੋਣੀ। ** but my request to you is that FRBM Act ਦੀ ਜਿਹੜੀ ਆਪਾਂ ਗੱਲ ਕਰਦੇ ਹਾਂ, ਵਿੱਤ ਮੰਤਰੀ ਜੀ 15ਵੇਂ ਫਾਈਨਾਂਸ ਕਮਿਸ਼ਨ ਨੂੰ ਲਿਖ ਕੇ ਦੇ ਕੇ ਆਏ ਹਨ ਕਿ 2022-23 ਵਿਚ ਪੰਜਾਬ ਦਾ ਫਿਸਕਲ ਡੈਫੀਸਿਟ 5.83% ਹੋ ਜਾਵੇਗਾ, ਇਹ ਪੂਰੇ ਮੁਲਕ ਦੀਆਂ ਸਟੇਟਾਂ ਵਿਚੋਂ ਹਾਈਐਸਟ ਹੋਵੇਗਾ। ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕਿਹਾ ਗਿਆ ਸੀ ਕਿ ਅਸੀਂ ਰੈਵੀਨਿਊ ਸਰਪਲੱਸ ਸਟੇਟ ਹੋ ਗਏ ਹਾਂ, ਅਸੀਂ ਸਾਢੇ ਦਸ ਹਜ਼ਾਰ ਕਰੋੜ ਕੈਪੀਟਲ ਐਕਸਪੈਂਡੀਚਰ ਕਰਾਂਗੇ। As per C.M. Sahib ਅੱਜ ਮਹਿਜ਼ 500 ਕਰੋੜ ਰੁਪਿਆ ਖਰਚਿਆ ਜਾਂਦਾ ਹੈ ਅਤੇ ਅੱਜ ਆਪਾਂ ਐਫ.ਆਰ.ਬੀ.ਐਮ. ਐਕਟ ਤਹਿਤ ਦੋ ਫੀਸਦੀ ਹੋਰ ਲਿਮਟ ਵਧਾ ਕੇ 12,500 ਕਰੋੜ ਰੁਪਏ ਹੋਰ ਕਰਜ਼ਾ ਚੁੱਕਣ ਨੂੰ ਫਿਰਦੇ ਹਾਂ। ਸਰ, ਇਹ ਕਰਜ਼ਾ ਉੱਤਰੇਗਾ ਕਿਵੇਂ? ਆਲਰੇਡੀ 3 ਸਾਲਾਂ ਦੇ ਵਿਚ please mark my words 1,94,000 ਕਰੋੜ ਰੁਪਏ ਤੋਂ ਵੱਧ ਕੇ 2,48,000 ਕਰੋੜ ਰੁਪਏ ਦਾ ਕਰਜ਼ਾ ਹੋ ਚੁੱਕਿਆ ਹੈ। ਜਿਹੜਾ 15ਵੇਂ ਵਿੱਤ ਕਮਿਸ਼ਨ ਨੂੰ ਵਿੱਤ ਮੰਤਰੀ ਜੀ ਨੇ ਲਿਖ ਕੇ ਦਿੱਤਾ ਹੈ, ਜਦੋਂ ਤੱਕ ਇਹ ਸਰਕਾਰ ਜਾਵੇਗੀ ਤਾਂ ਪੰਜਾਬ ਤੇ 2,94,000 ਕਰੋੜ ਰੁਪਏ ਦਾ ਕਰਜ਼ਾ ਹੋਵੇਗਾ। ਜਿਹੜੀਆਂ ਇਸ ਵਿਚ ਚਾਰ ਕੰਡੀਸ਼ਨਜ਼ ਪਾਈਆਂ ਗਈਆਂ ਸਨ, ਉਸ ਵਿਚ ਚਲੋ ਇਹ ਤਾਂ ਠੀਕ ਹੈ ਕਿ Implementation of one card in one nation. ਪਰ ਇਸ ਵਿਚ ਪਾਵਰ ਸੈਕਟਰ ਰਿਫਾਰਮਜ਼ ਦਾ ਕੀ ਬਣੇਗਾ? ਅੱਜ ਅਸੀਂ ਅਖਬਾਰ ਦੇ ਵਿਚ ਪੜ੍ਹਿਆ ਹੈ ਕਿ ਸ਼ਾਇਦ ਕੇਂਦਰ ਸਰਕਾਰ ਇਸ ਨੂੰ ਹਟਾ ਰਹੀ ਹੈ ਪਰ ਸਵਾਲ ਇਹ ਹੈ ਕਿ ਅਲਟੀਮੇਟਲੀ Is our government withdrawing subsidy from farmers? ਕੀ ਕਿਸਾਨਾਂ ਦੀ ਬਿਜਲੀ ਸਬਸਿਡੀ ਖਤਮ ਹੋਵੇਗੀ? ਤੁਸੀਂ ਮੈਨੂੰ ਕਲੈਰੀਫਿਕੇਸ਼ਨ ਦੇ ਦਿਓ ਕਿ ਅੱਜ ਆਪਣੇ ਰੈਵੀਨਿਊ ਕਿਥੋਂ ਜੈਨਰੇਟ ਹੋ ਸਕਦੇ ਹਨ। ਮੇਰੇ ਕਾਂਗਰਸ ਪਾਰਟੀ ਦੇ ਵੀਰ ਵੀ ਕਹਿ ਕਹਿ ਕੇ ਥੱਕ ਗਏ ਹਨ ਕਿ ਹਰ ਸਾਲ ਕਈ ਹਜ਼ਾਰ ਕਰੋੜ ਦਾ ਘਪਲਾ ਐਕਸਾਈਜ਼ ਐਂਡ ਟੈਕਸੇਸ਼ਨ ਮਹਿਕਮੇ ਵਿਚ ਹੁੰਦਾ ਹੈ ਪਰ ਕੋਈ ਕਾਰਵਾਈ ਨਹੀਂ ਹੁੰਦੀ, ਕੇਵਲ ਲੰਚ ਕਰਵਾ ਦਿੱਤਾ ਜਾਂਦਾ ਹੈ ਤੇ ਗੱਲ ਦਬਾ ਦਿੱਤੀ ਜਾਂਦੀ ਹੈ। ਮਾਈਨਿੰਗ ਮਾਫੀਆ, ਸੀ.ਐਮ. ਸਾਹਿਬ ਆਪ ਹੈਲੀਕਾਪਟਰ ਵਿਚੋਂ ਦੇਖ ਕੇ ਆਏ ਸੀ, ਅੱਜ ਵੀ ਉਹ ਉਸੇ ਤਰੀਕੇ ਨਾਲ ਚੱਲ ਰਿਹਾ ਹੈ। ਸਾਰੀਆਂ ਐਕਟੀਵਿਟੀਜ਼ ਬੰਦ ਹਨ ਪਰ ਮਾਈਨਿੰਗ ਮਾਫੀਆ ਅੱਜ ਵੀ ਚੱਲ ਰਿਹਾ ਹੈ। ਅੱਜ ਸ਼ਰਾਬ ਮਾਫੀਆ ਨਾਲ ਵੀ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਸਰਕਾਰ ਨੂੰ ਲੱਗ ਰਿਹਾ ਹੈ। ਆਪਾਂ ਜੀ.ਐਸ.ਟੀ. ਦੀ

---

** **Expunged as ordered by the Hon'ble Speaker.

[ਸ਼੍ਰੀ ਅਮਨ ਅਰੋੜਾ]

ਗੱਲ ਕਰਦੇ ਹਾਂ, ਆਪਾਂ ਐਫ.ਆਰ.ਬੀ.ਐਮ. ਐਕਟ ਦੀ ਗੱਲ ਕਰਦੇ ਹਾਂ। ਜਿਹੜੇ ਕੰਮ ਕਰਨ ਵਾਲੇ ਹਨ, ਉਹ ਕਰਨ ਦੀ ਲੋੜ ਹੈ। Punjab being agrarian state ਔਰ ਪਿਛਲੀ ਜਿਹੜੀ ਫਸਲ ਹੋਈ ਹੈ, ਉਹ ਬੰਪਰ ਕਰਾਪ ਹੋਈ ਸੀ। ਜੇਕਰ ਸਭ ਤੋਂ ਘੱਟ ਇੰਪੈਕਟ ਕਰੋਨਾ ਦਾ ਕਿਤੇ ਆਇਆ ਹੋਵੇਗਾ ਤਾਂ ਉਹ ਪੰਜਾਬ ਤੇ ਆਇਆ ਹੋਵੇਗਾ ਕਿਉਂਕਿ ਇੱਥੇ ਇੰਡਸਟਰੀ ਘੱਟ ਹੈ। ਮੇਰੀ ਹੱਥ ਬੰਨ ਕੇ ਸਿਰਫ ਇੰਨੀ ਬੇਨਤੀ ਹੈ ਕਿ ਕਿਰਪਾ ਕਰਕੇ ਜਿਹੜੇ ਘੁਟਾਲੇ ਹੋਏ ਹਨ, ਮਾਫੀਏ ਦੇ ਜ਼ਰੀਏ ਅਫਸਰਾਂ ਤੇ ਲੀਡਰਾਂ ਦੇ ਘਰ ਭਰੇ ਜਾਂਦੇ ਹਨ, ਉਹ ਜਿਹੜੇ ਘੁਟਾਲੇ ਹਨ, ਉਨ੍ਹਾਂ ਨੂੰ ਬੰਦ ਕਰਵਾ ਲਈਏ। FRBM ਦੇ ਤਾਂ ਅਸੀਂ ਆਲਰੇਡੀ ਢਾਈ ਲੱਖ ਕਰੋੜ ਰੁਪਏ ਦੇ ਕਰਜ਼ਾਈ ਹਾਂ। 2 ਸਾਲਾਂ ਵਿੱਚ 3 ਲੱਖ ਕਰੋੜ ਰੁਪਏ ਤੱਕ ਇਹ ਕਰਜ਼ਾ ਪਹੁੰਚ ਜਾਵੇਗਾ। Ultimately, ਸਰਕਾਰ ਦਾ ਇਹ ਵਾਅਦਾ ਸੀ, let me remind ਕਿ ਅਸੀਂ ਪੰਜਾਬ ਦੀ ਇਕਾਨਮੀ ਨੂੰ ਠੀਕ ਕਰਕੇ ਪੰਜਾਬ ਨੂੰ ਦੁਬਾਰਾ ਇਕਨਾਮਿਕ ਲੀਹਾਂ ਉੱਤੇ ਚਾੜ੍ਹਾਂਗੇ।

**ਮਾਨਯੋਗ ਸਪੀਕਰ:** ਕੀ ਮੰਤਰੀ ਸਾਹਿਬ ਤੋਂ ਜਵਾਬ ਲੈ ਲਈਏ?

**ਸ਼੍ਰੀ ਅਮਨ ਅਰੋੜਾ**: ਹਾਂ ਜੀ, ਸਰ।

**ਮਾਨਯੋਗ ਸਪੀਕਰ:** ਐਫ.ਐਮ. ਸਾਹਿਬ, ਕੀ ਤੁਸੀਂ ਬਿਜਲੀ ਦੀ ਸਬਸਿਡੀ ਬੰਦ ਤਾਂ ਨਹੀਂ ਕਰ ਰਹੇ? ਇਹ ਮੇਨ crux ਸਵਾਲ ਹੈ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਜਿੰਨੇ ਵੀ ਮੈਂਬਰਾਨ ਹਾਜ਼ਰ ਹਨ ਅਤੇ ਜਿਹੜੇ ਵੀ ਪ੍ਰੈਸ ਵਾਲੇ ਸੁਣ ਰਹੇ ਹਨ ਕਿ ਜਦੋਂ ਤੱਕ ਪੰਜਾਬ ਦੇ ਵਿੱਚ ਕਾਂਗਰਸ ਪਾਰਟੀ ਦੀ ਹਕੂਮਤ ਰਹੇਗੀ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਉਨ੍ਹਾਂ ਦੇ ਪ੍ਰਧਾਨ ਅਤੇ ਸਾਡੇ ਚੀਫ ਮਨਿਸਟਰ ਹੋਣਗੇ, ਪਾਵਰ ਸਬਸਿਡੀ ਪੰਜਾਬ ਵਿੱਚੋਂ withdraw ਨਹੀਂ ਕੀਤੀ ਜਾਵੇਗੀ।(ਟਰੈਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਖਿਲਾਫ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** **Not recorded as ordered by the Chair.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਦੂਜੀ ਸੋਧਨਾ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 16**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 16 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 16 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Finance Minister (Sardar Manpreet Singh Badal) :** Sir, I beg to move-

That the Punjab Goods and Services Tax (Second Amendment Bill), 2020 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਦੂਜੀ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਦੂਜੀ ਸੋਧਨਾ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

--------

**Dharna**

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਖਿਲਾਫ ਵੈੱਲ ਆਫ ਦਿ ਹਾਊਸ ਵਿੱਚ ਧਰਨੇ ਤੇ ਬੈਠ ਗਏ।)

--------

## OFFICIAL RESOLUTION REGARDING URGING THE UNION GOVERNMENT TO WITHDRAW THE THREE ORDINANCES AND THE PROPOSED ELECTRICITY (AMENDMENT) BILL, 2020 AND INSTEAD PROMULGATE FRESH ORDINANCE MAKING MSP A STATUTORY RIGHT OF THE FARMERS

**ਮਾਨਯੋਗ ਸਪੀਕਰ:** ਹਾਂ ਜੀ, ਸੀ.ਐਮ. ਸਾਹਿਬ ਤੁਸੀਂ ਕੁਝ ਕਹਿਣਾ ਹੈ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਇਹ ਇਸ਼ੂ ਬੜੀ ਦੇਰ ਤੋਂ ਭਖਿਆ ਹੋਇਆ ਹੈ, ਇਹ ਜਿਹੜੇ ਆਰਡੀਨੈਂਸ ਗੌਰਮਿੰਟ ਆਫ ਇੰਡੀਆ ਨੇ ਬਣਾਏ ਹਨ, ਪੇਸ਼ ਕੀਤੇ ਹਨ, ਹੁਣ ਇਹ ਪਾਰਲੀਮੈਂਟ ਦੇ ਵਿੱਚ ਕਾਨੂੰਨ ਬਣਾਉਣ ਦੇ ਲਈ ਚਲੇ ਜਾਣੇ ਹਨ। ਇਹ ਆਰਡੀਨੈਂਸ ਹਨ:-

(i) The Farmers' Produce Trade and Commerce (Promotion and Facilitation) Ordinance, 2020;

(ii) The Farmers (Empowerment and Protection) Agreement on Price Assurance and Farm Services Ordinance, 2020; and

(iii) The Essential Commodities (Amendment) Ordinance, 2020.

ਸਪੀਕਰ ਸਾਹਿਬ, ਜਦੋਂ ਇਹ ਮੁਲਕ ਭੁੱਖਾ ਮਰ ਰਿਹਾ ਸੀ, ਮੈਂ 1960-61 ਦੀ ਗੱਲ ਕਰ ਰਿਹਾ ਹਾਂ ਤਾਂ ਸਾਡੇ ਦੇਸ਼ ਨੇ ਅਮਰੀਕਾ ਨਾਲ P.L.480 agreement ਕੀਤਾ ਹੋਇਆ ਸੀ। ਉਹ ਸਾਨੂੰ ਅੰਨ ਦਿੰਦਾ ਸੀ ਅਤੇ ਜਿਹੜਾ ਪੈਸਾ ਉਨ੍ਹਾਂ ਦਾ ਇੱਥੇ ਇਕੱਠਾ ਹੁੰਦਾ ਸੀ, ਉਹ ਉਸ ਨੂੰ ਇੱਥੇ ਵਰਤਦੇ ਸੀ। ਉਦੋਂ ਪੰਜਾਬ ਉੱਠਿਆ ਸੀ ਉਦੋਂ ਸਾਡੀ ਯੂਨੀਵਰਸਿਟੀ ਨੇ Mexican wheats or Philippines ਤੋਂ ਚੌਲ ਵਗੈਰਾ ਮੰਗਵਾ ਕੇ ਉਸ ਤੋਂ ਉਨ੍ਹਾਂ ਨੇ ਸਾਡੇ ਪੰਜਾਬ ਦੀ ਡਿਵੈਲਪਮੈਂਟ ਕੀਤੀ ਅਤੇ ਸਾਡੇ ਪੰਜਾਬ ਦੀ ਆਬੋ-ਹਵਾ ਠੀਕ ਕੀਤੀ। ਹੁਣ 3 ਸਾਲਾਂ ਦੇ ਵਿੱਚ PL 480 ਖਤਮ ਹੋ ਗਿਆ। ਪੰਜਾਬ ਦੀ 2% ਧਰਤੀ ਹੈ, 2% ਹੀ ਲੋਕ ਹਨ, ਫਿਰ ਵੀ ਪੂਰੇ ਹਿੰਦੁਸਤਾਨ ਨੂੰ ਅਸੀਂ ਅੰਨ ਖੁਆਇਆ ਸੀ। ਉਦੋਂ ਫੂਡ ਕਾਰਪੋਰੇਸ਼ਨ ਆਫ ਇੰਡੀਆ ਬਣੀ। ਉਦੋਂ ਹੀ

ਇੱਕ ਮਿਨੀਮਮ ਸਪੋਰਟ ਪ੍ਰਾਈਸ ਰੱਖਿਆ ਤਾਂ ਕਿ ਕਿਸਾਨਾਂ ਨੂੰ ਪਤਾ ਹੋਵੇ ਕਿ ਜਦੋਂ ਵਾਢੀ ਤੋਂ ਬਾਅਦ ਕਿਸਾਨ ਮੰਡੀ ਜਾਣਗੇ ਤਾਂ ਉਨ੍ਹਾਂ ਨੂੰ ਆਪਣੀ ਫਸਲ ਦਾ ਕੀ ਭਾਅ ਮਿਲਣਾ ਹੈ। That was the MSP for Paddy and for Wheat. ਹੁਣ ਹਾਲਾਤ ਬਦਲ ਗਏ ਹਨ। ਗੰਗਾ ਯਮੁਨਾ ਬੇਸਿਨ ਡਿਵੈਲਪ ਹੋ ਗਿਆ, ਕਾਵੇਰੀ ਬੇਸਿਨ ਡਿਵੈਲਪ ਹੋ ਗਿਆ, ਨਰਮਦਾ ਬੇਸਿਨ ਡਿਵੈਲਪ ਹੋ ਗਏ, ਮੱਧ ਪ੍ਰਦੇਸ਼ ਵਿੱਚ ਕਣਕ ਹੋਣ ਲੱਗ ਗਈ ਹੈ। ਇੱਕ ਸ਼ਾਂਤਾ ਕੁਮਾਰ ਕਮਿਸ਼ਨ ਬਿਠਾਇਆ ਗਿਆ ਸੀ, ਇਸ ਕਮਿਸ਼ਨ ਨੇ ਜੋ ਆਪਣੀਆਂ ਫਾਈਂਡਿੰਗਜ਼ ਦਿੱਤੀਆਂ ਸਨ, ਉਸ ਵਿੱਚ ਕਿਹਾ ਸੀ ਕਿ the Food Corporation should wind up. ਐਮ.ਐਸ.ਪੀ. ਨਹੀਂ ਰਹਿਣਾ ਚਾਹੀਦਾ। ਜਿਹੜੀ ਸ਼ਾਂਤਾ ਕੁਮਾਰ ਕਮਿਸ਼ਨ ਦੀ ਰਿਪੋਰਟ ਦਾ ਨਿਚੋੜ ਸੀ, ਉਹ ਇਸ ਆਰਡੀਨੈਂਸ ਵਿੱਚ ਪਾ ਦਿੱਤਾ ਹੈ। ਇਹ ਚਾਹੁੰਦੇ ਹਨ ਕਿ ਜਿਹੜਾ ਸਾਡੇ ਮੰਡੀ ਬੋਰਡ ਦਾ ਕੰਮ ਹੈ, ਇਹ ਵਾਈਂਡ ਅੱਪ ਹੋ ਜਾਵੇ, ਪ੍ਰਾਈਵੇਟ ਇੰਡਸਟਰੀ ਆ ਜਾਵੇ। ਇਸ ਸਾਲ ਨਾ ਐਮ.ਐਸ.ਪੀ. ਹੋਵੇ, ਨਾ ਕੁਝ ਹੋਰ ਹੋਵੇ, ਜਿਸ ਨਾਲ ਕਿਸਾਨਾਂ ਨੂੰ ਪਤਾ ਨਾ ਹੋਵੇ ਕਿ ਸਾਨੂੰ ਕੀ ਰੇਟ ਮਿਲਣਾ ਹੈ।ਤੁਹਾਨੂੰ ਯਾਦ ਹੋਵੇਗਾ ਕਿ ਮੈਂ ਇੱਥੇ ਬੋਲਦੇ ਹੋਏ ਕਿਹਾ ਸੀ, ਉਸ ਦਿਨ ਸਾਡੀ ਪਤਾ ਨਹੀਂ ਕੀ ਗੱਲ ਚੱਲ ਰਹੀ ਸੀ, ਐਗਰੀਕਲਚਰ ਬਾਰੇ ਹੀ ਗੱਲ ਸੀ। ਉਦੋਂ ਮੈਂ ਕਿਹਾ ਸੀ ਕਿ ਐਮ.ਐਸ.ਪੀ. ਹੋਰ ਚੀਜ਼ਾਂ ਵਾਸਤੇ ਰੱਖਦੇ ਹਨ, ਜਿਵੇਂ ਮੱਕੀ ਦੀ ਰੱਖੀ ਸੀ। ਮੱਕੀ ਦੀ ਐਮ.ਐਸ.ਪੀ. 1700 ਰੁਪਏ ਪ੍ਰਤੀ ਕੁਇੰਟਲ ਰੱਖੀ ਹੋਈ ਸੀ ਪਰੰਤੂ ਉਸ ਦਿਨ ਹੁਸ਼ਿਆਰਪੁਰ ਵਿੱਚ ਮੱਕੀ 600 ਰੁਪਏ ਪ੍ਰਤੀ ਕੁਇੰਟਲ ਵਿਕੀ। ਕੀ ਐਮ.ਐਸ.ਪੀ. ਦਾ ਫਾਇਦਾ ਹੈ? ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹੀ ਹਾਲ ਕਣਕ ਅਤੇ ਝੋਨੇ ਦਾ ਵੀ ਹੋਣਾ ਹੈ। ਅਗਰ ਤੁਸੀਂ ਐਮ.ਐਸ.ਪੀ. ਰੱਖੋ ਵੀ, ਪਰੰਤੂ ਉਸ ਦੀ ਪ੍ਰਾਈਸ ਸਪੋਰਟ ਮੇਨਟੇਨ ਨਾ ਕਰੋ ਤਾਂ ਕੀ ਫਾਇਦਾ, ਸਪੋਰਟ ਕਿਵੇਂ ਹੋਵੇਗੀ? ਕੌਣ ਠੀਕ ਕਰੇਗਾ? ਆਖਰਕਾਰ ਅਸੀਂ ਜਿਹੜੀ ਖਰੀਦ ਕਰਦੇ ਹਾਂ, ਅਸੀਂ ਆਪਣੇ ਵਾਸਤੇ ਤਾਂ ਨਹੀਂ ਕਰਦੇ, ਅਸੀਂ ਉਨ੍ਹਾਂ ਵਾਸਤੇ ਖਰੀਦ ਕਰਦੇ ਹਾਂ। ਨੈਸ਼ਨਲ ਫੂਡ ਸਕਿਉਰਿਟੀ ਵਾਸਤੇ ਖਰੀਦ ਕਰਕੇ ਮੁਲਕ ਨੂੰ ਦਿੰਦੇ ਹਾਂ, ਐਫ.ਸੀ.ਆਈ. ਨੂੰ ਦਿੰਦੇ ਹਾਂ, ਜਿੱਥੇ ਕਹਿੰਦੇ ਹਨ, ਅਸੀਂ ਭੇਜ ਦਿੰਦੇ ਹਾਂ। ਹੁਣ ਇਹ ਜਿਹੜਾ ਇਨ੍ਹਾਂ ਨੇ ਸੋਚਿਆ ਹੈ ਕਿ ਪ੍ਰਾਈਵੇਟਾਈਜ਼ ਕਰਨਾ ਹੈ, ਇੰਡਸਟਰੀਜ਼ ਨੂੰ ਖੁੱਲ੍ਹੀ ਛੂਟ ਦੇਣੀ ਹੈ। ਉਹ ਚਾਹੁੰਦੇ ਹਨ ਕਿ ਸਾਡੇ ਕਿਸਾਨ ਥੱਲੇ ਚਲੇ ਜਾਣ ਜਾਂ ਇਸ ਤਰ੍ਹਾਂ ਦਾ ਸਿਸਟਮ ਹੋਵੇ ਕਿ ਕਿਸਾਨਾਂ ਨੂੰ ਕੋਈ gain ਹੀ ਨਾ ਹੋਵੇ, ਕਿਸੇ ਕਿਸਾਨ ਨੂੰ ਪਤਾ ਹੀ ਨਾ ਲੱਗੇ ਕਿ ਮੈਨੂੰ ਕੀ ਮਿਲਣਾ ਹੈ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਤਰੀਕੇ ਨਾਲ ਜੇਕਰ ਕੰਮ ਚਲਦਾ ਰਹੇਗਾ ਤਾਂ ਸਾਡੀ ਕਿਸਾਨੀ ਬਿਲਕੁਲ ਰੁਲ ਜਾਵੇਗੀ। It is not possible ਕਿ ਇਸ ਗੱਲ ਨੂੰ, ਇਸ ਆਰਡੀਨੈਂਸ ਨੂੰ ਐਕਸੈਪਟ ਕਰੀਏ। ਇਸ ਲਈ ਮੈਂ ਇਹ ਰੈਜ਼ੋਲਿਊਸ਼ਨ ਹਾਊਸ ਸਾਹਮਣੇ ਰੱਖਣਾ ਚਾਹੁੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਾਰੇ ਇਸ ਨੂੰ ਸਪੋਰਟ ਕਰਨਗੇ। (ਥੰਪਿੰਗ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਵੈੱਲ ਆਫ ਦਿ ਹਾਊਸ ਵਿੱਚੋਂ ਧਰਨੇ ਤੋਂ ਉੱਠ ਕੇ ਆਪਣੀਆਂ ਸੀਟਾਂ ਤੇ ਜਾ ਕੇ ਬੈਠ ਗਏ।)

**ਮੁੱਖ ਮੰਤਰੀ :** ਅਸੀਂ ਇਸ ਰੈਜ਼ੋਲਿਊਸ਼ਨ ਨੂੰ ਰਾਜ ਸਭਾ ਅਤੇ ਲੋਕ ਸਭਾ ਭੇਜਾਂਗੇ ਕਿ ਪੰਜਾਬ ਦਾ ਇਹ ਵਿਊ ਹੈ। ਅਸੀਂ ਇਸ ਨੂੰ ਐਕਸੈਪਟ ਨਹੀਂ ਕਰਾਂਗੇ because it is condemning the farmers of the Punjab. ਪੰਜਾਬ ਦੇ ਕਿਸਾਨ ਇਸ ਨੂੰ ਕੰਡੈਮ ਕਰ ਰਹੇ ਹਨ। ਦੇਖੋ, ਸਾਨੂੰ ਪਤਾ ਹੈ ਕਿ ਸਾਡੀਆਂ ਪ੍ਰਾਬਲਮਜ਼ ਕੀ ਹਨ, ਸਾਨੂੰ ਪਤਾ ਹੈ ਕਿ ਸਾਡੀ ਨਦੀਆਂ ਦਾ ਪਾਣੀ ਘੱਟ ਰਿਹਾ ਹੈ। ਧਰਤੀ ਦਾ ਪਾਣੀ ਘੱਟ ਰਿਹਾ ਹੈ। ਸਾਰੀਆਂ ਚੀਜ਼ਾਂ ਲਈ, we are aware of everything. ਲੇਕਿਨ ਇੱਥੇ ਸਪੋਰਟ ਮਿਲਣ ਦੀ ਬਜਾਏ ਸਾਡੇ ਤੋਂ ਖਿੱਚ ਕੇ ਇਹ ਚੀਜ਼ਾਂ ਕੀਤੀਆਂ ਜਾ ਰਹੀਆਂ ਹਨ, which are anti farmers and certainly anti Punjab. ਇਹ ਮੈਂ ਪੰਜਾਬ ਦੇ ਕਿਸਾਨਾਂ ਦੀ ਗੱਲ ਨਹੀਂ ਕਰ ਰਿਹਾ, ਪੂਰੇ ਹਿੰਦੁਸਤਾਨ ਦੇ ਕਿਸਾਨਾਂ ਨੂੰ ਇਹ ਡੋਬ ਕੇ ਛੱਡਣਗੇ, ਜਿਸ ਤਰੀਕੇ ਨਾਲ ਇਹ ਕਰ ਰਹੇ ਹਨ। ਸੋ, ਮੈਂ ਇਹ ਰੈਜ਼ੋਲਿਊਸ਼ਨ ਆਪ ਜੀ ਦੇ ਸਾਹਮਣੇ ਰੱਖਦਾ ਹਾਂ।

ਇਹ ਵੀ ਸਾਡੇ ਹੱਥਾਂ ਵਿੱਚੋਂ ਲੈਣਾ ਚਾਹੁੰਦੇ ਹਨ। ਹੁਣ ਇਨ੍ਹਾਂ ਨੇ ਕੀ ਕਰਨਾ ਹੈ, ਇਹ ਪੂਰੇ ਹਿੰਦੁਸਤਾਨ ਵਿੱਚ ਇੱਕ ਟੈਰਿਫ ਕਰਨਾ ਚਾਹੁੰਦੇ ਹਨ। ਕੀ ਇਹ ਕਦੇ ਹੋ ਸਕਦਾ ਹੈ? ਜੇ ਕਿਸੇ ਨੇ ਕਾਂਡਲੇ ਦੇ ਨਾਲ ਥਰਮਲ ਪਾਵਰ ਪਲਾਂਟ ਲਗਾਇਆ ਹੈ ਤਾਂ it will always be cheaper ਕਿਉਂਕਿ ਉੱਥੇ ਕੋਲਾ ਲਿਆਉਣ ਦੀ ਲੋੜ ਨਹੀਂ। Hydroelectric power ਦੇ ਪ੍ਰਾਈਸਿਜ਼ ਦੇਖੋ ਕਿੰਨੇ ਥੱਲੇ ਹਨ। ਕੀ ਇਹ ਹੋ ਸਕਦਾ ਹੈ ਕਿ ਪੂਰੇ ਹਿੰਦੁਸਤਾਨ ਵਿੱਚ ਇੱਕੋ ਹੀ ਟੈਰਿਫ ਹੋਵੇ? ਜੋ-ਜੋ pit heads ਤੇ ਬੈਠੇ ਹਨ ਨੈਚੂਰਲੀ this is going to be cheaper power for them. ਸਿਰਫ ਸਾਡੇ ਵਰਗੇ ਜਿਵੇਂ ਅਸੀਂ ਕੋਲਾ ਝਾਰਖੰਡ ਤੋਂ ਜਾਂ ਬਿਹਾਰ ਤੋਂ ਜਾਂ ਜਿੱਥੋਂ ਵੀ ਕੋਲਾ ਲੈ ਕੇ ਆ ਰਹੇ ਹਾਂ, we are going to be the sufferers, you cannot have a tariff. So I continue.

[ਮੁੱਖ ਮੰਤਰੀ ]

Sir, I beg to move that-

"The Punjab State Legislative Assembly is seriously concerned about the apprehensions and anguish caused by the three Ordinances, namely

- The Farmer's Produce Trade and Commerce (Promotion and Facilitation) Ordinance, 2020;
- The Farmers (Empowerment and Protection) Agreement on Price Assurance and Farm Services Ordinance, 2020; and
- The Essential Commodities (Amendment) Ordinance, 2020.

promulgated by the Union government and the proposed Electricity (Amendment) Bill, 2020 amongst the people of Punjab, particularly the farmers and landless workers as these are not only against their interest; and time-tested agriculture marketing system established in the State, but are also against the Constitution of India. Entry 14 of List II of the Constitution comprises Agriculture as the subject of the States, therefore, these ordinances are direct encroachment upon the functions of the State and against the spirit of cooperative federalism enshrined in the Constitution and this will amount to distress sale by the farmers. This House thus urges upon the Union Government to:

Withdraw these ordinances and the proposed Electricity (Amendment) Bill, 2020 forthwith; and

Instead, promulgate a fresh ordinance making the procurement of foodgrains and other agricultural produce at the minimum support price (MSP), a statutory right of the farmers and continuation of Government procurement through Food Corporation of India. (Thumping).

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

"The Punjab State Legislative Assembly is seriously concerned about the apprehensions and anguish caused by the three Ordinances, namely

- The Farmer's Produce Trade and Commerce (Promotion and Facilitation) Ordinance, 2020;
- The Farmers (Empowerment and Protection) Agreement on Price Assurance and Farm Services Ordinance, 2020; and
- The Essential Commodities (Amendment) Ordinance, 2020.

promulgated by the Union government and the proposed Electricity (Amendment) Bill, 2020 amongst the people of Punjab, particularly the farmers and landless workers as these are not only against their interest; and time-tested agriculture marketing system established in the State, but are also against the Constitution of India. Entry 14 of List II of the Constitution comprises Agriculture as the subject of the States, therefore, these

[Mr. Speaker]

ordinances are direct encroachment upon the functions of the State and against the spirit of cooperative federalism enshrined in the Constitution and this will amount to distress sale by the farmers. This House thus urges upon the Union Government to:

- Withdraw these ordinances and the proposed Electricity (Amendment) Bill, 2020 forthwith; and
- Instead, promulgate a fresh ordinance making the procurement of foodgrains and other agricultural produce at the minimum support price (MSP), a statutory right of the farmers and continuation of Government procurement through Food Corporation of India.

ਬਹਿਸ। ਸਰਦਾਰ ਕੁਲਤਾਰ ਸਿੰਘ ਸੰਧਵਾਂ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਸਪੀਕਰ ਸਾਹਿਬ, ਮੈਂ ਮਾਨਯੋਗ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਪੰਜਾਬ ਦੀ ਹੋਂਦ ਨੂੰ ਜਿਹੜਾ ਖਤਰਾ ਹੈ, ਜਿਹੜੇ ਤਿੰਨ ਆਰਡੀਨੈਂਸ ਹਨ, ਉਨ੍ਹਾਂ ਵਾਸਤੇ ਇੱਥੇ ਡਿਸਕਸ਼ਨ ਸ਼ੁਰੂ ਕਰਵਾਈ ਹੈ, ਬਿਲ ਪੇਸ਼ ਕੀਤਾ ਹੈ। ਮੈਂ ਸੀ.ਐਮ. ਸਾਹਿਬ ਨੂੰ ਇੱਕ ਹੋਰ ਬੇਨਤੀ ਕਰਦਾ ਹਾਂ ਕਿ ਜਦੋਂ ਤੁਸੀਂ ਪੁਆਧੀ ਬੋਲਦੇ ਹੋ ਤਾਂ ਉਦੋਂ ਵੀ ਬੜੇ ਪਿਆਰੇ ਲਗਦੇ ਹੋ। ਤੁਸੀਂ ਪੁਆਧੀ ਹੀ ਬੋਲ ਲਿਆ ਕਰੋ ਤਾਂ ਸਾਰੇ ਪੰਜਾਬ ਨੂੰ ਵੀ ਸਮਝ ਲੱਗ ਜਾਇਆ ਕਰੇਗੀ ਜੀ। ਅੰਗਰੇਜ਼ੀ ਵਿੱਚ ਸਾਡੇ ਵਰਗਿਆਂ ਨੂੰ ਤਾਂ ਸਮਝ ਲੱਗ ਜਾਂਦੀ ਹੈ ਪਰ ਪੰਜਾਬੀ ਵਿੱਚ ਦੋ-ਚਾਰ ਹੋਰ ਜਣਿਆਂ ਨੂੰ ਵੀ ਸਮਝ ਲੱਗ ਜਾਇਆ ਕਰੇਗੀ। ਤੁਸੀਂ ਬਹੁਤ ਸੋਹਣੀ ਬੋਲਦੇ ਹੋ ਜੀ।

**Chief Minister:** Just one minute, ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਦੱਸਣਾ ਚਾਹੁੰਦਾ ਹਾਂ ਕਿ ਇਹ ਲੋਕ ਸਭਾ ਵਿੱਚ ਜਾ ਰਿਹਾ ਹੈ ਅਤੇ ਰਾਜ ਸਭਾ ਵਿੱਚ ਵੀ ਜਾਏਗਾ। ਉੱਥੇ ਪੰਜਾਬੀ ਦੀ ਟ੍ਰਾਂਸਲੇਸ਼ਨ ਨਹੀਂ ਹੈ। So, this has to go in English or Hindi, whichever you choose. ਇਹ ਤੁਹਾਡੀ ਮਰਜ਼ੀ ਹੈ।

(**ਇੱਕ ਆਵਾਜ਼:** ਸਰਦਾਰ ਕੁਲਤਾਰ ਸਿੰਘ ਜੀ ਆਪਾਂ ਕੰਮ ਦੀ ਗੱਲ ਕਰੀਏ।)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਮੈਂ ਕੰਮ ਦੀ ਗੱਲ ਹੀ ਕਰ ਰਿਹਾ ਹਾਂ। ਮੈਂ ਕਹਿੰਦਾ ਹਾਂ ਕਿ ਮਾਨਯੋਗ ਸੀ.ਐਮ. ਸਾਹਿਬ ਪਿਆਰੇ ਲਗਦੇ ਹਨ। ਬਾਕੀ ਤਾਂ ਇਨ੍ਹਾਂ ਦੀ ਇੱਛਾ ਹੀ ਹੈ ਜੀ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਕੇਂਦਰ ਸਰਕਾਰ ਜਿਹੜੇ ਐਗਰੀਕਲਚਰਲ ਅਮੈਂਡਮੈਂਟਸ ਜਾਂ ਆਰਡੀਨੈਂਸ ਲੈ ਕੇ ਆਈ ਹੈ ਉਸ ਬਾਰੇ ਲਗਾਤਾਰ ਝੂਠ ਬੋਲਿਆ ਜਾ ਰਿਹਾ ਹੈ ਔਰ ਬੜਾ ਚੰਗਾ ਹੁੰਦਾ ਜੇ ਮੇਰੇ ਇੱਧਰਲੇ ਪਾਸੇ ਜਿਹੜੇ ਬੈਠੇ ਹਨ, (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) ਇਹ ਜਿਹੜੀ ** ** ਜਿਨ੍ਹਾਂ ਕਰਕੇ ਪੰਜਾਬ ਅੱਜ ਹਰੇਕ ਪਾਸਿਓਂ ਲੁੱਟਿਆ-ਪੁੱਟਿਆ ਗਿਆ ਹੈ। ਇਨ੍ਹਾਂ ਨੇ ਹੁਣ ਇੱਕ ਡਰਾਮਾ ਜਿਹਾ ਕਰਵਾਇਆ।

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਓ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਪੀ.ਟੀ.ਸੀ. ਕਰ ਰਹੀ ਹੈ ਜੀ। ਜਿਹੜਾ ਇਨ੍ਹਾਂ ਨੇ ਇੱਕ ਡਰਾਮਾ ਕਰਵਾਇਆ, ਕੱਲ੍ਹ ਇਨ੍ਹਾਂ ਨੇ ਇੱਕ ਮਾਨਯੋਗ ਕੇਂਦਰੀ ਮੰਤਰੀ ਤੋਂ ਚਿੱਠੀ ਵੀ ਲਈ ਹੈ। ਉਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਐਮ.ਐਸ.ਪੀ. ਖਤਮ ਨਹੀਂ ਹੋਵੇਗੀ। ਮੈਂ ਬਾਦਲ ਸਾਹਿਬ ਨੂੰ, ਬੀਬਾ ਹਰਸਿਮਰਤ ਕੌਰ ਜੀ ਨੂੰ ਬੇਨਤੀ ਕਰਦਾ ਹਾਂ ਕਿ ਜੇ ਤੁਸੀਂ ਵਾਕਿਆ ਹੀ ਪੰਜਾਬ ਦੇ ਲੋਕਾਂ ਦੇ ਹੱਕ ਵਿੱਚ ਹੋ ਤਾਂ ਇਸ ਆਰਡੀਨੈਂਸ ਵਿੱਚ ਇੱਕ ਗੱਲ ਪਵਾ ਦਿਓ ਕਿ ਜਿਹੜੀ ਐਮ.ਐਸ.ਪੀ. ਹੈ, ਉਹ ਕਿਸਾਨਾਂ ਦਾ ਲੀਗਲ ਰਾਈਟ ਹੋਵੇਗੀ, ਕੋਈ ਵੀ ਬੰਦਾ ਐਮ.ਐਸ.ਪੀ. ਤੋਂ ਬਿਨਾਂ ਕੁਝ ਨਹੀਂ ਖਰੀਦ ਸਕੇਗਾ। ਇਸ ਨਾਲ ਕਾਫੀ ਕੁਝ ਠੀਕ ਹੋ ਜਾਵੇਗਾ। ਲੇਕਿਨ ਜਿਹੜਾ ਝੂਠ ਬੋਲਿਆ ਜਾ ਰਿਹਾ ਹੈ ਕਿ ਇਨ੍ਹਾਂ ਆਰਡੀਨੈਂਸਾਂ ਨਾਲ ਕਿਸਾਨੀ ਦਾ, ਪੰਜਾਬ ਦਾ ਬੜਾ ਭਲਾ ਹੋ ਜਾਵੇਗਾ। ਸਪੀਕਰ ਸਾਹਿਬ, ਮੈਂ ਇਹ ਗੱਲ ਰਿਕਾਰਡ ਤੇ ਰੱਖਣਾ ਚਾਹੁੰਦਾ ਹਾਂ ਕਿ ਦੁਨੀਆਂ ਦੇ ਵਿੱਚ ਸਿਰਫ ਸਾਡਾ ਪੰਜਾਬ ਤੇ ਹਰਿਆਣਾ ਹੀ ਹੈ ਜਿੱਥੇ ਐਮ.ਐਸ.ਪੀ. ਦਿੱਤੀ ਜਾਂਦੀ ਹੈ, ਐਮ.ਐਸ.ਪੀ. ਦੁਨੀਆਂ ਦੇ ਵਿੱਚ ਹੋਰ ਕਿਤੇ ਨਹੀਂ ਹੈ। ਐਗਰੀਕਲਚਰ ਜਿਹੜੀ ਥੋੜ੍ਹਾ ਬਹੁਤ ਸਾਹ ਲੈ ਰਹੀ ਹੈ ਉਹ ਵੀ ਇੱਥੇ ਦੋਨਾਂ ਸਟੇਟਾਂ ਤੇ ਹੀ ਹੈ। ਇੱਥੋਂ ਤੱਕ ਕਿ ਅਮਰੀਕਾ ਵਿੱਚ, ਯੂਰਪੀਅਨ ਦੇਸ਼ਾਂ ਵਿੱਚ ਵੀ ਕਿਸਾਨਾਂ ਦੇ ਬੱਚਿਆਂ ਦੇ ਵਿਆਹ ਨਹੀਂ ਹੁੰਦੇ ਜਿਵੇਂ ਆਪਣੇ ਮਾਨਸਾ ਵਾਲੇ ਇਲਾਕੇ ਵਿੱਚ ਨਹੀਂ ਹੁੰਦੇ ਹਨ। ਉੱਥੇ

---

** **Expunged as ordered by the Chair.

[ਸਰਦਾਰ ਕੁਲਤਾਰ ਸਿੰਘ ਸੰਧਵਾਂ]

ਵੀ ਬਜਾਏ ਇਸ ਦੇ ਕਿ ਉੱਥੇ ਬੜੀ ਵੱਡੀ ਸਬਸਿਡੀਜ਼ ਵੀ ਦਿੰਦੇ ਹਨ ਫਿਰ ਵੀ ਉੱਥੇ ਰੇਟ ਸਹੀ ਨਹੀਂ ਮਿਲਦਾ ਹੈ ਕਿਉਂਕਿ ਉੱਥੇ ਲੀਗਲ ਰਾਈਟ ਨਹੀਂ ਹੈ, ਉੱਥੇ ਐਮ.ਐਸ.ਪੀ. ਨਹੀਂ ਹੈ। ਇਨ੍ਹਾਂ ਨੇ ਇਹ ਕਾਨੂੰਨ 2006 ਵਿੱਚ ਬਿਹਾਰ ਵਿੱਚ ਲਾਗੂ ਕੀਤਾ ਸੀ। ਕੀ ਬਿਹਾਰ ਦੇ ਵਿਚ ਕਿਸਾਨੀ ਠੀਕ ਹੋ ਗਈ? ਪੰਜਾਬੀ ਟ੍ਰਿਬਿਊਨ ਨੇ ਇੱਕ ਰਿਪੋਰਟ ਛਾਪੀ ਹੈ, ਉਸ ਵਿਚ ਇਹ ਦੱਸਿਆ ਗਿਆ ਹੈ ਕਿ ਸਾਲ 2006 ਵਿਚ ਇਨ੍ਹਾਂ ਦਾ ਬਿਹਾਰ ਵਿਖੇ ਕਾਨੂੰਨ ਲਾਗੂ ਕਰਨ ਤੋਂ ਬਾਅਦ 10 ਏਕੜ ਤੋਂ ਘੱਟ ਵਾਲੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਦਾ ਮਤਲਬ ਹੈ ਕਿ ਉੱਥੇ ਕਿਸਾਨਾਂ ਨੂੰ ਐਮ.ਐਸ.ਪੀ. ਨਹੀਂ ਮਿਲ ਰਹੀ। ਜਿਹੜੇ ਸਰਦਾਰ ਸੁਖਬੀਰ ਸਿੰਘ ਬਾਦਲ ਲੋਕਾਂ ਨੂੰ ਕਹਿ ਰਹੇ ਹਨ ਕਿ ਐਮ.ਐਸ.ਪੀ. ਮਿਲੇ ਗੀ, ਐਮ.ਐਸ.ਪੀ. ਟੁੱਟ ਨਹੀਂ ਰਹੀ, ਜਦੋਂ ਤੁਸੀਂ ਮੰਡੀਆਂ ਹੀ ਖਤਮ ਕਰ ਦਿੱਤੀਆਂ, ਤੁਸੀਂ ਆੜ੍ਹਤੀ ਮਾਰ ਰਹੇ ਹੋ, ਤੁਸੀਂ ਤੋਲੇ ਮਾਰ ਰਹੇ ਹੋ, ਤੁਸੀਂ ਟਰਾਂਸਪੋਰਟਰ ਮਾਰ ਰਹੇ ਹੋ, ਇਕੱਲਾ ਜੱਟ ਨਹੀਂ ਮਰ ਰਿਹਾ, ਇਸ ਨਾਲ ਸਾਰਾ ਪੰਜਾਬ ਮਰ ਰਿਹਾ ਹੈ। ਬਿਹਾਰ ਵਾਲਾ 1100 ਰੁਪਏ ਵਾਲਾ ਝੋਨਾ ਇੱਥੇ ਵਿਕਦਾ ਹੈ, ਉਹ ਇੱਥੇ ਆ ਕੇ ਵੱਧ ਭਾਅ ਲੈਂਦੇ ਹਨ, ਐਮ.ਐਸ.ਪੀ. ਤੇ ਵੇਚਦੇ ਹਨ। ਮਾਨਯੋਗ ਸਪੀਕਰ ਸਾਹਿਬ, ਮੈਂ ਬਿਲਕੁਲ ਵਾਈਂਡ-ਅੱਪ ਕਰ ਰਿਹਾ ਹਾਂ। ਸੋ, ਸਾਰਾ ਪੰਜਾਬ, ਆਮ ਆਦਮੀ ਪਾਰਟੀ, ਸਾਰੀਆਂ ਕਿਸਾਨ ਯੂਨੀਅਨਜ਼ ਇਨ੍ਹਾਂ ਤਿੰਨਾਂ ਆਰਡੀਨੈਂਸਾਂ ਦੇ ਖਿਲਾਫ ਹਨ ਔਰ ਇਹ ਸਿੱਧਾ-ਸਿੱਧਾ ਸਾਡੇ ਸੰਘੀ ਢਾਂਚੇ ਤੇ ਵਾਰ ਹੈ। ਜਿਵੇਂ ਸੀ.ਐਮ. ਸਾਹਿਬ ਨੇ ਗੱਲ ਕਹੀ ਹੈ ਕਿ ਇਹ ਸਟੇਟਾਂ ਦੇ ਹੱਕ ਉੱਤੇ ਵਾਰ ਹੈ। ਅਸੀਂ ਇਸ ਨੂੰ ਨਹੀਂ ਹੋਣ ਦਿਆਂਗੇ, ਅਸੀਂ ਕੁਰਬਾਨੀ ਦੇ ਕੇ ਵੀ, ਚਾਹੇ ਸਾਨੂੰ ਜਾਨ ਦੀ ਕੁਰਬਾਨੀ ਦੇਣੀ ਪਵੇ, ਅਸੀਂ ਦੇ ਦੇਵਾਂਗੇ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਸੀ.ਐਮ. ਸਾਹਿਬ, ਲੀਡਰ ਆਫ ਦਿ ਹਾਊਸ ਨੇ ਲਿਆਂਦਾ ਹੈ, ਮੈਂ ਉਸ ਦੀ ਸਪੋਰਟ ਵਿਚ ਖੜ੍ਹਾ ਹੋਇਆ ਹਾਂ। ਜਿਹੜੇ ਆਰਡੀਨੈਂਸ ਸੈਂਟਰ ਨੇ ਲਿਆਂਦੇ ਹਨ, ਮੈਂ ਤੁਹਾਡੀ ਮਾਰਫਤ ਉਸ ਦੇ ਵਿਰੋਧ ਵਿਚ ਬੋਲਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਆਰਡੀਨੈਂਸ ਲਿਆਉਣ ਦੀ ਲੋੜ ਹੀ ਨਹੀਂ ਸੀ। ਜੇ ਕਾਨੂੰਨ ਬਣਾਉਣਾ ਸੀ ਤਾਂ ਬਿਲ ਇੰਟਰੋਡਿਊਸ ਕੀਤੇ ਜਾ ਸਕਦੇ ਸੀ, ਜਿਸ ਤੇ ਪਰਾਪਰ ਬਹਿਸ ਹੁੰਦੀ। ਸਿਰਫ ਇਹੀ ਨਹੀਂ ਬਲਕਿ ਜਿਹੜੇ ਪੰਜਾਬ ਅਤੇ ਹਰਿਆਣਾ ਵਰਗੇ ਐਗਰੀਕਲਚਰ ਸਟੇਟਸ ਹਨ, ਉਨ੍ਹਾਂ ਨੂੰ ਇਨ੍ਹਾਂ ਦੀ ਸਲਾਹ ਲੈਣੀ ਚਾਹੀਦੀ ਸੀ ਔਰ ਸਲਾਹ-ਮਸ਼ਵਰਾ ਕਰਨਾ ਚਾਹੀਦਾ ਸੀ ਕਿ ਅਸੀਂ ਇਹ ਆਰਡੀਨੈਂਸ ਲਿਆਉਣ ਲੱਗੇ ਹਾਂ, ਇਨ੍ਹਾਂ ਦਾ ਕੋਈ ਫਾਇਦਾ ਹੈ ਜਾਂ ਨਹੀਂ ਹੈ। ਇਸ ਰੈਜ਼ੋਲਿਊਸ਼ਨ ਨੂੰ ਸਪੋਰਟ ਕਰਦੇ ਹੋਏ ਮੈਂ ਦੋ ਸੁਝਾਅ ਵੀ ਦੇਣਾ

ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦਾ ਧਿਆਨ ਵੀ ਦਿਵਾਉਣਾ ਚਾਹੁੰਦਾ ਹਾਂ। ਸੀ.ਐਮ. ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਨੂੰ ਸਪੋਰਟ ਕਰਦੇ ਹੋਏ ਦੋ ਸੁਝਾਅ ਵੀ ਦੇਣਾ ਚਾਹੁੰਦਾ ਹਾਂ। ਪਹਿਲਾ ਸੁਝਾਅ ਤਾਂ ਇਹ ਕਿ ਹੁਣ ਤਾਂ ਸੈਂਟਰ ਵੀ ਕਹਿ ਰਿਹਾ ਹੈ ਕਿ ਜਿਹੜੀ ਐਮ.ਐਸ.ਪੀ. ਹੈ, ਉਹ ਖਤਮ ਨਹੀਂ ਹੋਵੇਗੀ ਤੇ ਫਿਰ ਕਿਉਂ ਨਾ ਸਾਡੇ ਰੈਜ਼ੋਲਿਊਸ਼ਨ ਵਿਚ ਇਹ ਪਾ ਦਿੱਤਾ ਜਾਵੇ ਕਿ ਅਗਲੇ ਦਸ ਸਾਲ ਐਮ.ਐਸ.ਪੀ. ਰਹੇਗੀ। (ਵਿਘਨ..ਸ਼ੋਰ) 10 ਸਾਲ ਇਸ ਕਰਕੇ ਕਿਉਂਕਿ ਹੋ ਸਕਦਾ ਹੈ ਕਿ 10 ਸਾਲਾਂ ਨੂੰ ਹਾਲਾਤ ਬਦਲ ਜਾਣ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕਿਉਂ 10 ਸਾਲ ਜੀ? 10 ਸਾਲ ਕਿਉਂ ਜੀ?

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਘੱਟੋ-ਘੱਟ 10 ਸਾਲ ਦੀ ਇੱਕ ਐਸ਼ਿਓਰੈਂਸ ਲਈ ਜਾਵੇ ਕਿ ਐਮ.ਐਸ.ਪੀ. ਰਹੇਗੀ, ਉਸ ਤੋਂ ਬਾਅਦ ਦੁਬਾਰਾ ਇਸ ਤੇ ਵਿਚਾਰ ਹੋਵੇ। ਮੈਂ 10 ਸਾਲ ਇਸ ਕਰਕੇ ਕਹਿ ਰਿਹਾ ਹਾਂ ਕਿ ਕਈ ਵਾਰ ਹਾਲਾਤ ਬਦਲ ਜਾਂਦੇ ਹਨ।(ਵਿਘਨ) ਸਰਦਾਰ ਕੁਲਤਾਰ ਸਿੰਘ ਜੀ ਮੈਨੂੰ ਗੱਲ ਕਰ ਲੈਣ ਦਿਉ ਜੀ। (ਸਰਦਾਰ ਕੁਲਤਾਰ ਸਿੰਘ ਸੰਧਵਾਂ ਵੱਲ ਇਸ਼ਾਰਾ ਕਰਦੇ ਹੋਏ।) ਇਸ ਦੇ ਨਾਲ-ਨਾਲ ਮੇਰਾ ਦੂਜਾ ਸੁਝਾਅ ਹੈ ਕਿ ਇੱਕ ਐਕਸਪਰਟਸ ਦੀ ਕਮੇਟੀ ਬਣਾਈ ਜਾਵੇ ਕਿਉਂਕਿ ਇਹ ਜਿਹੜਾ ਆਰਡੀਨੈਂਸ ਆਇਆ ਹੈ, ਇਸ ਤੇ ਵੱਖਰੇ-ਵੱਖਰੇ ਵਿਚਾਰ ਕਈ ਪਾਸਿਓਂ ਆਏ ਹਨ। ਮੈਂ ਇਸ ਕਰਕੇ ਇੱਕ ਐਕਸਪਰਟਸ ਕਮੇਟੀ ਦਾ ਸੁਝਾਅ ਦੇਣ ਲੱਗਾ ਹਾਂ ਕਿਉਂਕਿ ਆਪਣੇ ਜੋ ਬਹੁਤ ਸਾਰੇ ਇਤਿਹਾਸ ਦੇ ਸਟੂਡੈਂਟਸ ਹਨ, ਜਿਵੇਂ ਹੁਣ ਇਹ ਤਿੰਨ ਆਰਡੀਨੈਂਸ ਸੈਂਟਰ ਨੇ ਲਿਆਂਦੇ ਹਨ, ਇਸੇ ਤਰ੍ਹਾਂ ਸਾਲ 1930 ਦੇ ਦਹਾਕੇ ਵਿਚ ਸਰ ਛੋਟੂ ਰਾਮ ਦੇ ਸਮੇਂ ਚਾਰ ਆਰਡੀਨੈਂਸ ਲਿਆਂਦੇ ਗਏ ਸੀ। ਸ਼ਾਇਦ 1937 ਵਿਚ ਇਹ ਆਰਡੀਨੈਂਸ ਉਸ ਵੇਲੇ ਪਾਸ ਹੋਏ ਸੀ। ਉਸ ਵੇਲੇ Unionist Government ਸੀ ਅਤੇ ਸਰ ਛੋਟੂ ਰਾਮ ਮੰਤਰੀ ਸੀ। ਜਿਹੜੇ ਇਹ ਉਸ ਵੇਲੇ ਚਾਰ ਕਾਨੂੰਨ ਲਿਆਂਦੇ ਗਏ ਸੀ, ਇੱਕ Land Alienation Bill ਸੀ, ਜਿਹੜੇ ਐਗਰੀਕਲਚਰ ਕਲਾਸਿਜ਼ ਹਨ, ਉਹ

[ਸ਼੍ਰੀ ਕੰਵਰ ਸੰਧੂ]

ਲੈਂਡ own ਨਹੀਂ ਕਰ ਸਕਦੀਆਂ। ਦੂਜਾ Restitution of Mortgaged Lands Bill ਸੀ, ਤੀਸਰਾ Registration of Money Lenders Bill ਸੀ ਕਿ ਸਿਰਫ ਲਾਇਸੈਂਸਡ ਮਨੀ ਲੈਂਡਰ ਹੀ ਪੈਸਾ ਕਿਸੇ ਨੂੰ ਦੇ ਸਕਦੇ ਹਨ, ਦੂਜਾ ਕੋਈ ਨਹੀਂ ਦੇ ਸਕਦਾ। ਚੌਥਾ Marketing Bill, ਸੀ, ਜਿਸ ਨਾਲ ਖਰੀਦੋ-ਫਰੋਖਤ ਉੱਪਰ ਸਰਕਾਰੀ ਕੰਟਰੋਲ ਆਇਆ ਸੀ। ਉਦੋਂ Unionist Government ਨੇ ਕਿਹਾ ਸੀ ਕਿ ਇਹ ਸੁਨਹਿਰੀ (ਗੋਲਡਨ) ਬਿਲ ਹੈ। ਉਸ ਵੇਲੇ ਅਕਾਲੀ ਦਲ ਅਤੇ ਕਾਂਗਰਸ ਭਾਈਵਾਲ ਸੀ, ਇਨ੍ਹਾਂ ਦੋਵਾਂ ਨੇ ਇਸ ਚੀਜ਼ ਦਾ ਵਿਰੋਧ ਕੀਤਾ ਸੀ ਅਤੇ ਕਿਹਾ ਸੀ ਕਿ ਇਹ ਕਾਲੇ ਬਿਲ ਹਨ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜਿਹੜੇ ਬਿਲ ਉਸ ਵੇਲੇ ਸਰ ਛੋਟੂ ਰਾਮ ਨੇ ਲਿਆਂਦੇ ਸੀ, ਹੁਣ ਅਸੀਂ ਸਾਰੇ ਸਰ ਛੋਟੂ ਰਾਮ ਦੀ ਸਹੁੰ ਖਾਂਦੇ ਹਾਂ ਕਿ ਉਹ ਬਹੁਤ ਵਧੀਆ ਕਾਨੂੰਨ ਲੈ ਕੇ ਆਏ ਸੀ। ਸੋ, ਇਹ ਬਹੁਤ ਅਹਿਮ ਮਸਲਾ ਹੈ। ਇਸ ਮਸਲੇ ਉਤੇ ਇੱਕ ਐਕਸਪਰਟਸ ਦੀ ਕਮੇਟੀ ਬਣੇ ਤਾਂ ਕਿ ਪਤਾ ਲੱਗ ਸਕੇ ਕਿ ਵਾਕਿਆ ਹੀ ਕਿਸਾਨਾਂ ਦੇ ਹਿੱਤ ਵਿਚ ਕਿਹੜੀ ਚੀਜ਼ ਹੈ ਔਰ ਕਿਹੜੀ ਚੀਜ਼ ਨਹੀਂ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਕੁਲਜੀਤ ਸਿੰਘ ਨਾਗਰਾ ਜੀ।

**ਸ਼੍ਰੀ ਅਮਨ ਅਰੋੜਾ (ਬੈਠੇ-ਬੈਠੇ):** ਸਰ, ਮੈਨੂੰ ਵੀ ਬੋਲਣ ਲਈ ਟਾਈਮ ਦੇ ਦਿਉ ਜੀ।

**ਮਾਨਯੋਗ ਸਪੀਕਰ:** ਦੇਖੋ, ਅਮਨ ਜੀ ਤੁਹਾਡੀ ਪਾਰਟੀ ਦਾ ਵਿਊ ਆ ਗਿਆ ਹੈ। ਹੁਣ ਸਾਰਿਆ ਨੇ ਤਾਂ ਬੋਲਣਾ ਨਹੀਂ ਹੁੰਦਾ।

**ਸ਼੍ਰੀ ਅਮਨ ਅਰੋੜਾ (ਬੈਠੇ-ਬੈਠੇ):** ਦੋ ਮਿੰਟ ਦੇ ਦਿਉ ਜੀ, ਦੋ ਮਿੰਟ ਦੇ ਦਿਉ ਜੀ।

**ਮਾਨਯੋਗ ਸਪੀਕਰ:** ਮੈਂ ਪਾਰਟੀਆਂ ਦੇ ਵਿਊ ਲੈਣੇ ਹਨ, ਡਿਫਰੈਂਟ ਪਾਰਟੀਆਂ ਦੇ ਵਿਊ ਲੈਣੇ ਹਨ ਕਿ ਕੌਣ-ਕੌਣ ਸਪੋਰਟ ਕਰਦਾ ਹੈ। ਬੈਠੋ ਜੀ, ਬੈਂਸ ਸਾਹਿਬ, ਤੁਹਾਡੀ ਵਾਰੀ ਵੀ ਆਵੇਗੀ।

**ਸ਼੍ਰੀ ਅਮਨ ਅਰੋੜਾ (ਬੈਠੇ-ਬੈਠੇ):** ਸਰ, ਸਿਰਫ ਦੋ ਮਿੰਟ ਦੇ ਦਿਉ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਸਾਡੇ ਮਾਨਯੋਗ ਮੁੱਖ ਮੰਤਰੀ ਜੀ, ਜਿਹੜਾ ਇਹ ਮਤਾ ਲੈ ਕੇ ਆਏ ਹਨ, ਮੈਂ ਇਸ ਦੇ ਹੱਕ ਵਿੱਚ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਇਹ ਬੜੀ ਮੰਦਭਾਗੀ ਘਟਨਾ ਹੈ ਕਿ ਕੇਂਦਰ ਦੀ ਸਰਕਾਰ ਜੋ ਆਰਡੀਨੈਂਸ ਲੈ ਕੇ ਆਈ ਹੈ, ਇਹ ਖਾਸ ਤੌਰ ਤੇ ਜੁਆਇੰਟ ਪੰਜਾਬ, ਜਿਸ ਵਿੱਚ

ਹਰਿਆਣਾ ਵੀ ਆਉਂਦਾ ਹੈ, ਲਈ ਮੰਦਭਾਗਾ ਹੈ। ਜਿਹੜੇ ਕੇਂਦਰ ਸਰਕਾਰ ਵੱਲੋਂ ਆਰਡੀਨੈਂਸ ਆਏ ਹਨ, ਮੈਂ ਇਸ ਬਾਰਡਰ ਸਟੇਟ ਵਾਸਤੇ ਇਸਨੂੰ ਮੰਦਭਾਗੀ ਘਟਨਾ ਮੰਨਦਾ ਹਾਂ ਕਿ ਇਸ ਤੋਂ ਮਾੜਾ ਕੰਮ ਪੰਜਾਬ ਦੇ ਵਿਰੁੱਧ ਹੋ ਨਹੀਂ ਸੀ ਸਕਦਾ, ਇਸ ਨਾਲੋਂ ਤਾਂ ਸਾਡੇ ਉੱਤੇ ਫੌਜਾਂ ਲਗਾ ਕੇ ਅਟੈਕ ਕਰ ਦਿੰਦੇ। ਜੇਕਰ ਸਾਡੇ ਉੱਤੇ ਅਟੈਕ ਕਰ ਦਿੰਦੇ ਤਾਂ ਮੈਨੂੰ ਲੱਗਦਾ ਹੈ ਕਿ ਸ਼ਾਇਦ ਆਪਾਂ ਇਸ ਦਾ ਸਾਹਮਣਾ ਵੀ ਕਰ ਲੈਂਦੇ। ਇਹ ਜਿਹੜਾ ਪੰਜਾਬ ਦੇ ਉੱਤੇ ਅਤੇ ਪੰਜਾਬ ਦੀ ਇਕਨਾਮੀ ਦੇ ਉੱਤੇ ਅਟੈਕ ਹੋਇਆ ਹੈ, ਇਹ ਇੰਨਾ ਮੰਦਭਾਗਾ ਹੈ ਕਿ ਆਉਣ ਵਾਲੀਆਂ ਨਸਲਾਂ ਉਤੇ ਅਤੇ ਅੱਜ ਅਸੀਂ ਜਿੰਨੇ ਵੀ ਇੱਥੇ 117 ਬੰਦੇ ਬੈਠੇ ਹਾਂ, ਉਨ੍ਹਾਂ ਉੱਤੇ ਹੋਇਆ ਹੈ। ਜੇਕਰ ਇਹ ਆਰਡੀਨੈਂਸ ਸਾਡੇ ਹੁੰਦਿਆਂ ਲਾਗੂ ਹੋ ਜਾਂਦੇ ਹਨ ਅਤੇ ਅਸੀਂ ਚੁੱਪ ਬੈਠੇ ਰਹਿੰਦੇ ਹਾਂ ਤਾਂ ਸਾਡੇ ਨਾਂ ਪੰਜਾਬ ਦੇ ਇਤਿਹਾਸ ਵਿੱਚ ਕਾਲੇ ਅੱਖਰਾਂ ਦੇ ਵਿੱਚ ਲਿਖੇ ਜਾਣਗੇ ਕਿਉਂਕਿ ਇਸ ਆਰਡੀਨੈਂਸ ਦੇ ਨਾਂ ਉੱਤੇ ਇੱਕ slow poison ਪੰਜਾਬ ਦੇ ਹਰੇਕ ਇਨਸਾਨ ਨੂੰ ਦੇ ਦਿੱਤਾ ਜਾਵੇਗਾ ਜੋ ਪੰਜਾਬ ਦੇ ਹਿੱਤ ਵਿੱਚ ਬੋਲਣਾ ਚਾਹੁੰਦਾ ਹੈ। ਇਸ ਦੇ ਨਾਲ ਹੀ ਪੰਜਾਬ ਦੀ ਹਾਲਤ ਉਨ੍ਹਾਂ ਸਟੇਟਾਂ ਨਾਲੋਂ ਵੀ ਬਦ ਤੋਂ ਬਦਤਰ ਹੋ ਜਾਵੇਗੀ ਜਿਹੜੀਆਂ ਸਟੇਟਾਂ ਤੋਂ ਲੋਕ ਅੱਜ ਪੰਜਾਬ ਵਿੱਚ ਆ ਕੇ ਮਿਹਨਤ ਕਰ ਰਹੇ ਹਨ। ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬੋਲਦਿਆਂ ਹੋਇਆਂ ਬਹੁਤ ਸਾਰੇ ਸਾਥੀਆਂ ਨੇ ਕਾਫੀ ਗੱਲਾਂ ਕੀਤੀਆਂ ਹਨ। ਸੀ.ਐਮ. ਸਾਹਿਬ ਨੇ ਵੀ ਬਹੁਤ ਵਧੀਆ ਗੱਲਾਂ ਕਹੀਆਂ ਹਨ। ਇੱਕ ਅਹਿਮ ਗੱਲ ਹੈ, ਜਿਸ ਨੂੰ ਅੱਜ ਤੁਹਾਡੇ ਅਤੇ ਸਾਰੇ ਸਦਨ ਦੇ ਧਿਆਨ ਵਿੱਚ ਲਿਆਉਣ ਦੀ ਲੋੜ ਹੈ।ਇਹ ਬਹੁਤ ਸੀਰੀਅਸ ਗੱਲ ਹੈ, ਇਸ ਲਈ ਇਹ ਮੁੱਖ ਮੰਤਰੀ ਸਾਹਿਬ ਜੀ ਨੂੰ ਜ਼ਰੂਰ ਸੁਣਾਉਣੀ ਹੈ। (ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਵੱਲ ਇਸ਼ਾਰਾ ਕਰਦੇ ਹੋਏ) ਪਲੀਜ਼ ਮੇਰੀ ਗੱਲ ਸੁਣਨ ਦਿਓ। ਮੁੱਖ ਮੰਤਰੀ ਸਾਹਿਬ, ਇਸ ਦੇ ਵਿੱਚ ਜਿਹੜੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਪੂਰੇ ਦੇਸ਼ ਵਿੱਚ ਐਮ.ਐਸ.ਪੀ. ਦੇ ਦਿੱਤੀ ਹੈ। ਸਪੀਕਰ ਸਾਹਿਬ, ਸਾਰੇ ਦੇਸ਼ ਵਿੱਚ ਐਮ.ਐਸ.ਪੀ. ਚਲ ਰਹੀ ਹੈ।

**ਮਾਨਯੋਗ ਸਪੀਕਰ:** ਮੈਂ ਹਾਊਸ ਦਾ ਧਿਆਨ ਵਾਰ-ਵਾਰ ਦਿਵਾ ਰਿਹਾ ਹਾਂ ਕਿ ਇੱਕ ਤਾਂ ਇਕੱਠੇ ਨਾ ਬੈਠੋ। ਮੈਨੂੰ ਮਜਬੂਰ ਨਾ ਕਰੋ। ਇੱਕ ਮਿੰਟ, ਨਾਗਰਾ ਜੀ। ਕੋਟਲੀ ਜੀ, ਤੁਸੀਂ ਵੀ ਦੋ-ਦੋ ਜਣੇ ਬੈਠੋ ਹੋ। ਮੈਨੂੰ ਸੀਟਾਂ ਅਲੱਗ ਲਗਵਾਉਣ ਦਾ ਕੀ ਫਾਇਦਾ ਹੈ, ਜੇਕਰ ਤੁਸੀਂ ਮਿਲ ਕੇ ਦੋ-ਦੋ ਜਣਿਆਂ ਨੇ ਬੈਠਣਾ ਹੈ। ਇਸ ਤਰ੍ਹਾਂ ਨਾ ਕਰੋ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ) :** ਸਪੀਕਰ ਸਾਹਿਬ, ਜਿਹੜੀ ਮੈਂ ਮੇਨ ਗੱਲ ਕਹਿਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਐਮ.ਐਸ.ਪੀ. ਨਾਲ ਸਾਡਾ ਸਰਦਾ ਨਹੀਂ ਹੈ। ਐਮ.ਐਸ.ਪੀ. ਤਾਂ ਸਾਰੇ ਦੇਸ਼ ਵਿੱਚ ਹੈ। ਤੁਹਾਡੇ ਰਿਸ਼ਤੇਦਾਰ ਵੱਖ-ਵੱਖ ਸੂਬਿਆਂ ਵਿੱਚ ਰਹਿੰਦੇ ਹਨ। ਮੇਰੇ ਰਿਸ਼ਤੇਦਾਰ ਵੀ ਵੱਖ-ਵੱਖ ਸੂਬਿਆਂ ਦੇ ਵਿੱਚ ਹਨ। ਐਮ.ਐਸ.ਪੀ. ਉਨ੍ਹਾਂ ਨੂੰ ਮਿਲਦੀ ਹੈ ਪਰ ਐਮ.ਐਸ.ਪੀ. ਤੇ ਕੋਈ ਅਨਾਜ ਖਰੀਦਦਾ ਨਹੀਂ ਹੈ। ਆਪਾਂ ਨੂੰ ਵੀ ਪਤਾ ਹੈ। ਇੱਥੇ ਪੰਜਾਬ ਅਤੇ ਹਰਿਆਣਾ ਵਿੱਚ ਔਰ ਮੱਧ ਪ੍ਰਦੇਸ਼ ਦੇ ਥੋੜ੍ਹੇ ਜਿਹੇ ਹਿੱਸੇ ਵਿੱਚ ਕੀ ਹੈ? ਉਥੇ compulsory ਖਰੀਦ by the Central Government ਹੈ ਜਿਹੜੀ ਸਾਨੂੰ ਦਿੱਤੀ ਹੋਈ ਹੈ, ਉਹ ਸਾਨੂੰ ਕੰਪਲਸਰੀ ਖਰੀਦ ਦੇ ਹਿਸਾਬ ਨਾਲ ਦੇਣੀ ਚਾਹੀਦੀ ਹੈ। ਮੇਨ ਗੱਲ ਇਹ ਹੈ ਕਿ ਜਿਹੜਾ ਇੱਕ-ਇੱਕ ਦਾਣਾ ਪੰਜਾਬ ਦਾ ਕਿਸਾਨ ਆਪਣਾ ਝੋਨੇ ਅਤੇ ਕਣਕ ਦਾ ਉਗਾਵੇਗਾ ਉਸ ਦੀ ਕੰਪਲਸਰੀ ਖਰੀਦ ਕੇਂਦਰ ਦੀ ਸਰਕਾਰ ਕਰੇਗੀ ਔਰ ਜਿਹੜੀ ਐਫ.ਸੀ.ਆਈ. ਕੰਪਲਸਰੀ ਖਰੀਦ ਵਾਸਤੇ ਬਣਾਈ ਗਈ ਸੀ, ਉਸ ਐਫ.ਸੀ.ਆਈ. ਨੂੰ ਭੰਗ ਨਹੀਂ ਕੀਤਾ ਜਾਵੇਗਾ।ਇਸ ਦੇ ਨਾਲ-ਨਾਲ ਮੈਂ ਸਦਨ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਕੇਂਦਰ ਦੀ ਸਰਕਾਰ ਨੂੰ ਇਹ ਗੱਲ ਕਹਿ ਦਿਓ ਕਿ ਇਹ ਬਾਰਡਰ ਸਟੇਟ ਹੈ, ਅਸੀਂ ਪਹਿਲਾਂ ਹੀ ਬੜਾ ਵੱਡਾ ਸੰਤਾਪ ਭੁਗਤ ਚੁੱਕੇ ਹਾਂ। ਇਨ੍ਹਾਂ ਗਲਤ ਫੈਸਲਿਆਂ ਦੇ ਨਾਲ ਆਉਣ ਵਾਲੇ ਦਿਨਾਂ ਵਿੱਚ ਸਾਡੇ ਲਈ ਕੋਈ ਨਵੀਂ ਸਮੱਸਿਆ ਨਾ ਖੜ੍ਹੀ ਕਰ ਦਿਓ ਕਿਉਂਜੋ ਪੰਜਾਬ ਆਉਣ ਵਾਲੇ ਦਿਨਾਂ ਵਿੱਚ ਬਰਨਿੰਗ ਸਟੇਟ ਨਾ ਬਣ ਜਾਵੇ ਅਤੇ ਸਾਨੂੰ ਬਹੁਤ ਵੱਡਾ ਸੰਤਾਪ ਨਾ ਭੁਗਤਣਾ ਪਵੇ। (ਵਿਘਨ) ਸਪੀਕਰ ਸਾਹਿਬ, ਬੱਸ ਇੱਕ ਮਿੰਟ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ) :** ਸਪੀਕਰ ਸਾਹਿਬ, ਇੱਕ ਮਿੰਟ ਜੀ। ਸਰਦਾਰ ਸਿਮਰਜੀਤ ਸਿੰਘ, ਇੱਕ ਮਿੰਟ ਜੀ। ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਇੱਕੋ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਆਰਡੀਨੈਂਸ ਕਿਸੇ ਵੀ ਰੂਪ ਵਿੱਚ ਚਾਹੇ ਦਿੱਲੀ ਜਾ ਕੇ, ਚਾਹੇ ਦਿੱਲੀ ਦੇ ਰਸਤਿਆਂ ਨੂੰ ਰੋਕ ਕੇ, ਪੰਜਾਬ ਤੋਂ ਦਿੱਲੀ ਵੱਲ ਜਾਣ ਲਈ ਜਿਹੜੇ ਵੀ ਰਸਤੇ ਹਨ, ਉਨ੍ਹਾਂ ਰਸਤਿਆਂ ਨੂੰ ਰੋਕ ਕੇ ਵਿਰੋਧ ਪ੍ਰਗਟ ਕਰਨਾ ਚਾਹੀਦਾ ਹੈ। ਇਸ ਵਾਸਤੇ ਚਾਹੇ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ, ਉਸ ਲਈ ਸਾਨੂੰ ਸਾਰਿਆਂ ਨੂੰ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਸਤਿਕਾਰਯੋਗ ਮੁੱਖ ਮੰਤਰੀ ਸਾਹਿਬ, ਜੋ ਕੇਂਦਰ ਦਾ ਖੇਤੀ ਸੁਧਾਰ ਆਰਡੀਨੈਂਸ ਅਤੇ ਬਿਜਲੀ ਦਾ ਆਰਡੀਨੈਂਸ ਆਉਣ ਵਾਲਾ ਹੈ, ਉਸ ਸਬੰਧੀ ਪ੍ਰਸਤਾਵ ਲੈ ਕੇ ਆਏ ਹਨ। ਮੈਂ ਸੀ.ਐਮ. ਸਾਹਿਬ ਦਾ ਦੋਨੋਂ ਹੱਥ ਜੋੜ ਕੇ ਧੰਨਵਾਦ ਕਰਦਾ ਹਾਂ। ਮੈਂ ਇਸ ਗੱਲ ਦਾ ਸਮਰਥਨ ਦਿੰਦਾ ਹਾਂ ਕਿ ਇਹ ਬਹੁਤ ਚੰਗਾ ਹੋਇਆ ਹੈ। ਸਪੀਕਰ ਸਾਹਿਬ, ਸਾਡਾ ਮੁਲਕ ਸੰਘੀ ਢਾਂਚਾ ਹੈ। ਕੇਂਦਰ ਅਤੇ ਰਾਜਾਂ ਦੀਆਂ ਸ਼ਕਤੀਆਂ ਦੀ ਵੰਡ ਹੋਈ ਹੈ ਤਾਂ ਕਿ ਸਾਡਾ ਫੈਡਰੇਲਿਜ਼ਮ ਮਜ਼ਬੂਤ ਰਹੇ ਪਰ ਅਫਸੋਸ ਦੀ ਗੱਲ ਇਹ ਹੈ ਕਿ ਪੰਜਾਬ ਦੇ ਨਾਲ ਇਸ ਸੰਘੀ ਢਾਂਚੇ ਵਿੱਚ ਮੁੱਢ ਕਦੀਮ ਤੋਂ ਹੀ ਡਾਕਾ ਵੱਜਦਾ ਆ ਰਿਹਾ ਹੈ। ਹੁਣ ਵੀ ਵੱਜਿਆ ਹੈ। 1966 ਵਿੱਚ ਪੰਜਾਬ ਦੀ ਵੰਡ ਹੋਈ ਸੀ, ਅੱਜ ਵੀ ਸੁਪਰੀਮ ਕੋਰਟ ਵਿੱਚ ਆਪਣਾ ਕੇਸ ਜਿਸ ਨੂੰ ਅਸੀਂ ਚੈਲੰਜ ਕੀਤਾ ਹੈ ਉਹ ਸਾਲ 2002 ਦਾ 2 ਨੰਬਰ ਮੁਕੱਦਮਾ ਪੈਂਡਿੰਗ ਹੈ। ਸਪੀਕਰ ਸਾਹਿਬ, ਮੈਂ ਇਸ ਪ੍ਰਸਤਾਵ ਦੇ ਵਿਸ਼ੇ ਤੇ ਆਉਂਦਾ ਹਾਂ। ਸੱਤਵੇਂ ਸ਼ਡਿਊਲ ਦੀ 14ਵੀਂ ਐਂਟਰੀ ਅਨੁਸਾਰ ਖੇਤੀਬਾੜੀ ਸਟੇਟ ਸਬਜੈਕਟ ਹੈ। ਕੇਂਦਰ ਇਸ ਤੇ ਕਾਨੂੰਨ ਨਹੀਂ ਬਣਾ ਸਕਦਾ। 26ਵੀਂ ਐਂਟਰੀ, ਖੇਤੀਬਾੜੀ ਉਪਜ ਦਾ ਮੰਡੀਕਰਨ ਵੀ ਸਟੇਟ ਸਬਜੈਕਟ ਹੈ। ਅੱਜ ਜਿਹੜਾ ਆਰਡੀਨੈਂਸ ਦੇ ਵਿਰੁੱਧ ਪ੍ਰਸਤਾਵ ਲੈ ਕੇ ਆਏ ਹਾਂ ਉਹ ਬੜਾ ਚੰਗਾ ਹੈ। ਸਪੀਕਰ ਸਾਹਿਬ, ਤਕਰੀਬਨ 4000 ਕਰੋੜ ਰੁਪਿਆ RDF (Rural Development Fund) ਆਉਂਦਾ ਹੈ ਜਿਸ ਦੇ ਜ਼ਰੀਏ ਸਾਡੇ ਪਿੰਡਾਂ ਦਾ ਸੜਕੀ ਢਾਂਚਾ ਬਣਦਾ ਹੈ ਉਨ੍ਹਾਂ ਦੀ ਰਿਪੇਅਰ ਹੁੰਦੀ ਹੈ, ਇਹ ਉੱਡ ਗਿਆ, ਆੜ੍ਹਤੀਏ, ਤੋਲੇ, ਪੱਲੇਦਾਰ ਅਤੇ ਛੋਟੇ ਟ੍ਰਾਂਸਪੋਰਟਰ ਵਿਹਲੇ ਹੋ ਗਏ। ਆੜ੍ਹਤੀਆ ਕਿਸਾਨ ਦਾ ਲੋਕਲ ਬੈਂਕ ਹੈ। ਸਾਡੀ ਮੁੱਖ ਫਸਲ ਕਣਕ ਅਤੇ ਚਾਵਲ ਹੈ। ਜਿਹੜੇ ਕਿਸਾਨ ਗੰਨਾ ਬੀਜਦੇ ਹਨ ਉਹ ਧਰਨੇ ਤੇ ਬੈਠਦੇ ਹਨ, ਦੋ-ਦੋ, ਤਿੰਨ-ਤਿੰਨ ਸਾਲ ਗੰਨਾ ਮਿੱਲਾਂ ਦੇ ਮਾਲਕ ਪੈਸੇ ਹੀ ਨਹੀਂ ਦਿੰਦੇ। ਜਿਹੜੀ ਮੁੱਖ ਫਸਲ ਕਣਕ ਅਤੇ ਚਾਵਲ ਹੈ ਉਸ ਦੇ ਨਾਲ ਕਿਸਾਨ ਆਪਣਾ ਗੁਜ਼ਾਰਾ ਚਲਾਉਂਦਾ ਹੈ। ਜੇਕਰ ਕਿਸਾਨ ਨੂੰ ਦਸ, ਵੀਹ, ਪੰਜਾਹ ਹਜ਼ਾਰ ਰੁਪਏ ਦੀ ਲੋੜ ਪੈ ਜਾਵੇ ਤਾਂ ਆੜ੍ਹਤੀਆ ਦੇ ਦਿੰਦਾ ਹੈ, ਹੁਣ ਤਾਂ ਆੜ੍ਹਤੀਆ ਵੀ ਗਿਆ। ਸਤਿਕਾਰਯੋਗ ਇੱਧਰ ਵਾਲੇ ਦੋਸਤ ਨਹੀਂ ਆਏ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਮੇਰੀ ਬੇਨਤੀ ਹੈ, ਦੋਨੋਂ ਪੰਜਾਬੀ ਭਰਾ (ਬੀ.ਜੇ.ਪੀ. ਮੈਂਬਰਾਂ ਵੱਲ ਇਸ਼ਾਰਾ) ਬੀ.ਜੇ.ਪੀ. ਨਾਲ ਸਬੰਧਿਤ ਹਨ, ਅੱਜ ਆਪਣਾ ਪੰਜਾਬੀਪੁਣਾ ਦਿਖਾਓ। ਅੱਜ ਬਹੁਸੰਮਤੀ ਨਾਲ ਨਹੀਂ, ਅੱਜ ਹਾਊਸ ਵਿੱਚ ਮੌਜੂਦ ਸਰਬਸੰਮਤੀ ਨਾਲ ਇਹ ਪ੍ਰਸਤਾਵ ਪਾਸ ਕਰਕੇ ਭੇਜੀਏ ਕਿ ਇਹ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਆਰਡੀਨੈਂਸ ਸਾਨੂੰ ਮਨਜ਼ੂਰ ਨਹੀਂ ਹੈ। ਇਹ ਸਾਡਾ ਸਟੇਟ ਸਬਜੈਕਟ ਹੈ। ਸਰ, ਐਮ.ਐਸ.ਪੀ. ਦਾ ਰੌਲਾ ਪਾਉਣ ਵਾਲੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ ਅੱਜ ਫਿਰ ਇੱਕ ਚਿੱਠੀ ਦਾ ਜ਼ਿਕਰ ਕੀਤਾ ਹੈ। ਜਿਸ ਦਿਨ ਆਰਡੀਨੈਂਸ ਆਏ। ਮੈਂ ਇਨ੍ਹਾਂ ਆਰਡੀਨੈਂਸਾਂ ਦੇ ਵਿਰੋਧ ਵਿੱਚ ਭਰ ਗਰਮੀ ਦੇ ਵਿੱਚ 300 ਕਿਲੋਮੀਟਰ ਦੀ ਸਾਈਕਲ ਦੀ ਯਾਤਰਾ ਕੀਤੀ। ਜਲ੍ਹਿਆਂ ਵਾਲੇ ਬਾਗ ਤੋਂ ਮੁੱਖ ਮੰਤਰੀ ਜੀ ਦੇ ਨਿਵਾਸ ਤੱਕ ਯਾਤਰਾ ਕੀਤੀ। ਰਸਤੇ ਦੇ ਵਿੱਚ ਕਈ ਪਿੰਡ, ਸ਼ਹਿਰ ਅਤੇ ਕਸਬੇ ਆਏ। ਰਾਤ ਵੀ ਪਿੰਡਾਂ ਵਿੱਚ ਗੁਜ਼ਾਰੀ, ਲੋਕਾਂ ਦੀਆਂ ਗੱਲਾਂ ਸੁਣੀਆਂ ਕਿ ਲੋਕਾਂ ਦੀਆਂ ਦੁੱਖ ਤਕਲੀਫਾਂ ਕੀ ਹਨ। ਮੈਂ ਪ੍ਰੈਸ ਨੂੰ ਨਾਲ ਲੈ ਕੇ ਬੰਗਾ ਤੋਂ ਨਵਾਂਸ਼ਹਿਰ ਮੰਡੀ ਗਿਆ। ਉੱਥੇ ਮੋਤੀਆਂ ਵਰਗੀ ਮੱਕੀ ਦੀ ਫਸਲ ਆਈ ਹੋਈ ਸੀ। ਮੈਂ ਪ੍ਰੈਸ ਨੂੰ ਕਿਹਾ ਕਿ ਤੁਸੀਂ ਕਿਸਾਨਾਂ ਨੂੰ ਪੁੱਛ ਲਓ ਕਿ ਇਨ੍ਹਾਂ ਨੇ ਇਹ ਮੱਕੀ ਕੀ ਭਾਅ ਵੇਚੀ ਹੈ। ਸਰ, ਸੁਣ ਕੇ ਅਫਸੋਸ ਹੋਵੇਗਾ ਕਿ ਮੋਤੀਆਂ ਵਰਗੀ ਮੱਕੀ ਦੀ ਫਸਲ ਦਾ ਮੁੱਲ 650/- ਰੁਪਏ ਹੀ ਲੱਗਿਆ ਸੀ। ਇੱਕ ਕਿਸਾਨ ਰੋਣ ਲੱਗ ਪਿਆ। ਉਹ ਆਦਮਪੁਰ ਦਾ ਕਿਸਾਨ ਸੀ ਅਤੇ ਉਹ ਰੋ ਰਿਹਾ ਸੀ। ਉਸ ਨੇ ਕਿਹਾ ਕਿ ਮੇਰੀ ਮੱਕੀ ਦਾ ਰੇਟ ਸਿਰਫ 650/- ਰੁਪਏ ਲੱਗਾ ਹੈ। ਮੈਂ ਵਾਪਿਸ ਲੈ ਕੇ ਚੱਲਾ ਹਾਂ ਅਤੇ ਇਹ ਮੈਂ ਆਪਣੇ ਡੰਗਰਾਂ ਨੂੰ ਪਾ ਦੇਵਾਂਗਾ ਜਦੋਂ ਕਿ ਇਸ ਸਾਲ ਮੱਕੀ ਦੀ ਐਮ.ਐਸ.ਪੀ. 1850/- ਰੁਪਏ ਪ੍ਰਤੀ ਕੁਇੰਟਲ ਹੈ।

**ਮਾਨਯੋਗ ਸਪੀਕਰ:** ਤੁਹਾਡਾ ਵਿਊ ਆ ਗਿਆ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਇੱਕ ਮਿੰਟ ਹੋਰ ਲੈਣਾ ਹੈ। ਮੈਂ ਵਾਈਂਡ- ਅੱਪ ਕਰਨ ਲੱਗਾ ਹਾਂ। ਜਿਹੜੇ ਇੱਧਰ ਵਾਲੇ ਰੌਲਾ ਪਾਉਂਦੇ ਹਨ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਤਾਂ ਕਿ ਸੈਂਟਰ ਦੇ ਵਿੱਚ ਇਨ੍ਹਾਂ ਦੀ ਚਮੜੀ ਬਚੀ ਰਹੇ ਅਤੇ ਉੱਪਰ ਵਾਲਿਆਂ ਦਾ (ਸੈਂਟਰ ਗੌਰਮਿੰਟ ਦਾ) ਹੱਥ ਸਿਰ ਤੇ ਰਹੇ। ਇਹ ਐਮ.ਐਸ.ਪੀ. ਦਾ ਰੌਲਾ ਪਾਉਂਦੇ ਹਨ ਕਿ ਐਮ.ਐਸ.ਪੀ. ਕਣਕ ਅਤੇ ਚਾਵਲ ਦੇ ਉੱਤੇ ਰਹੇਗੀ। ਇਹ ਮੈਂ ਵੀ ਮੰਨਦਾ ਹਾਂ ਕਿ MSP ਰਹੇਗੀ ਪਰ ਕਿਸਾਨ ਦੀ ਉਪਜ ਦੀ ਖਰੀਦ ਕਰਨ ਲਈ ਕੋਈ ਸਰਕਾਰੀ ਏਜੰਸੀ ਖਰੀਦ ਕਰਨ ਲਈਂ ਨਹੀਂ ਆਵੇਗੀ ਤਾਂ ਫਿਰ ਕਣਕ ਅਤੇ ਚਾਵਲ ਦੀ ਫਸਲ ਦਾ ਹਾਲ ਕੀ ਹੋਵੇਗਾ? ਅਡਾਨੀ ਵਰਗੇ ਲੋਕ, ਜਿਨ੍ਹਾਂ ਨੇ ਮੋਗੇ ਤੋਂ ਫਿਰੋਜ਼ਪੁਰ ਜਾਂਦਿਆਂ 2500 ਏਕੜ ਦੇ ਵਿੱਚ ਮਕੈਨੀਕਲ ਖਰੀਦ ਕੇਂਦਰ ਸਥਾਪਿਤ ਕੀਤਾ ਹੈ ਜੋ ਰੇਲਵੇ ਟਰੈਕ ਅੰਦਰ ਤੱਕ ਜਾਂਦਾ ਹੈ। ਉਹ (ਅਡਾਨੀ) ਅੱਧੇ ਪੌਣੇ ਭਾਵਾਂ ਤੇ ਸਾਰੀ ਫਸਲ ਖਰੀਦਣਗੇ ਪਰ ਉਹ ਦੋ-ਦੋ, ਤਿੰਨ-ਤਿੰਨ ਸਾਲ ਪੇਮੈਂਟ ਨਹੀਂ ਦੇਣਗੇ। ਗੰਨਾ ਮਿੱਲ ਮਾਲਕਾਂ ਦੀ ਉਦਾਹਰਣ ਸਾਡੇ ਸਾਹਮਣੇ ਹੈ। ਜਦੋਂ ਕਿਸਾਨਾਂ ਨੂੰ ਦੋ-ਦੋ, ਤਿੰਨ-ਤਿੰਨ ਸਾਲ ਫਸਲ ਦੇ ਪੈਸੇ ਨਾ ਮਿਲੇ ਤਾਂ ਪੰਜਾਬ ਦਾ 80% ਛੋਟਾ ਅਤੇ

ਮੀਡੀਅਮ ਕਿਸਾਨ ਜਿਹੜਾ ਆਲਰੇਡੀ ਬੈਂਕਾਂ ਕੋਲ ਆਪਣੀ ਜ਼ਮੀਨ ਗਿਰਵੀ ਰੱਖੀ ਬੈਠਾ ਹੈ, ਉਨ੍ਹਾਂ ਦੀਆਂ ਜ਼ਮੀਨਾਂ ਕੁਰਕ ਹੋਣਗੀਆਂ।ਅਡਾਨੀ ਵਰਗੇ ਕਾਰਪੋਰੇਟ ਲੋਕ ਪੰਜਾਬ ਦੀ ਜਰਖੇਜ਼ ਧਰਤੀ ਕੌਡੀਆਂ ਦੇ ਭਾਅ ਤੇ ਖਰੀਦਣਗੇ। ਜਦੋਂ ਮੈਂ ਪੜ੍ਹਦਾ ਹੁੰਦਾ ਸੀ ਉਦੋਂ ਸਾਡੇ ਸਿਲੇਬਸ ਵਿਚ "ਤੂਤਾਂ ਵਾਲਾ ਖੂਹ" ਨਾਵਲ ਆਇਆ ਸੀ। ਜਿਸ ਵਿੱਚ ਇੱਕ ਸੇਠ ਕਿਸਾਨ ਦੀ ਜ਼ਮੀਨ ਹੜੱਪਣ ਵਾਸਤੇ ਕੀ ਕੁਝ ਕਰਦਾ ਹੈ। ਇਹ ਆਰਡੀਨੈਂਸ ਬਿਲਕੁਲ ਤੂਤਾਂ ਵਾਲੇ ਖੂਹ ਦੀ ਤਰਜ਼ ਦੇ ਉੱਤੇ ਲਿਆਂਦਾ ਗਿਆ ਹੈ। ਪੰਜਾਬ ਦੀ ਜਰਖੇਜ਼ ਭੂਮੀ ਦੇ ਉੱਤੇ ਕਾਰਪੋਰੇਟਸ ਦਾ ਕਬਜ਼ਾ ਕਰਵਾ ਕੇ ਪੰਜਾਬ ਦੇ ਕਿਸਾਨਾਂ ਨੂੰ ਇਨ੍ਹਾਂ ਕਾਰਪੋਰੇਟਸ ਦਾ ਖੇਤੀ ਮਜ਼ਦੂਰ ਬਣਾਉਣ ਵਾਸਤੇ ਇਹ ਆਰਡੀਨੈਂਸ ਲਿਆਂਦਾ ਗਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪ੍ਰਸਤਾਵ ਲੈ ਕੇ ਆਂਦਾ ਹੈ। ਮੈਂ ਬੀ.ਜੇ.ਪੀ. ਵਾਲੇ ਦੋਸਤਾਂ ਨੂੰ ਫਿਰ ਕਹਿਣਾ ਚਾਹਾਂਗਾ ਕਿ ਅੱਜ ਪੰਜਾਬੀ ਹੋਣ ਦਾ ਮਾਦਾ ਦਿਖਾ ਦਿਓ ਅਤੇ ਕਹੋ ਕਿ ਅਸੀਂ ਇਸ ਆਰਡੀਨੈਂਸਾਂ ਦੇ ਬਰ-ਖਿਲਾਫ ਹਾਂ। ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। (ਵਿਘਨ) ਕਾਰਾਂ, ਮੋਟਰ ਸਾਇਕਲ, ਸਕੂਟਰ ਤੇ ਸੋਨਾ ਤਾਂ ਹੀ ਵਿਕਣਾ ਹੈ ਜੇ ਕਿਸਾਨ ਖੁਸ਼ਹਾਲ ਹੈ ਲੇਕਿਨ ਜੇ ਕਿਸਾਨ ਕੰਗਾਲ ਹੈ ਤਾਂ ਵਪਾਰ ਵੀ ਖਤਮ ਹੈ। ਧੰਨਵਾਦ।

**ਸਰਦਾਰ ਗੁਰਕੀਰਤ ਸਿੰਘ ਕੋਟਲੀ (ਖੰਨਾ) :** ਸਪੀਕਰ ਸਾਹਿਬ, ਅੱਜ ਜਿਹੜਾ ਆਨਰੇਬਲ ਸੀ.ਐਮ. ਸਾਹਿਬ ਨੇ ਰੈਜ਼ੋਲਿਊਸ਼ਨ ਲਿਆਂਦਾ ਹੈ, ਮੈਂ ਜਿੱਥੇ ਇਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ, ਇਹ ਆਨਰੇਬਲ ਸੀ.ਐਮ. ਸਾਹਿਬ ਦੀ ਦੂਰਅੰਦੇਸ਼ੀ ਅਤੇ ਬੜੀ ਦਲੇਰੀ ਨਾਲ ਲਿਆ ਗਿਆ ਫੈਸਲਾ ਹੈ। ਸਪੀਕਰ ਸਾਹਿਬ, ਜਿਹੜੀ ਐਮ.ਐਸ.ਪੀ. ਹੈ, ਇਹ ਪੰਜਾਬ ਦੀ ਲਾਈਫ ਲਾਈਨ ਹੈ। ਸਾਡੀ ਇਕਾਨਮੀ ਅਤੇ ਕਿਸਾਨੀ ਵੀ ਇਸੇ ਤੇ ਹੀ ਡਿਪੈਂਡ ਕਰਦੀ ਹੈ। ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆ ਰਹੀ ਕਿ ਕਿਉਂ ਕੇਂਦਰ ਸਰਕਾਰ ਇਹੋ ਜਿਹੇ ਆਰਡੀਨੈਂਸ ਲਿਆ ਕੇ ਪੰਜਾਬ ਦੇ ਅਰਥਚਾਰੇ ਨੂੰ ਤਹਿਸ-ਨਹਿਸ ਕਰਨਾ ਚਾਹੁੰਦੀ ਹੈ। ਇਸ ਨਾਲ ਮੈਨੂੰ ਇਹ ਵੀ ਮਹਿਸੂਸ ਹੋ ਰਿਹਾ ਹੈ ਕਿ ਜਿਹੜੇ ਆਰਡੀਨੈਂਸ ਲਿਆਂਦੇ ਗਏ ਹਨ, ਇਹ ਵੀ ਸਿਆਸਤ ਤੋਂ ਪ੍ਰੇਰਿਤ ਹਨ। ਸਪੀਕਰ ਸਾਹਿਬ, ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਸਾਲ 2014 ਦੀਆਂ ਲੋਕ ਸਭਾ ਦੀਆਂ ਜਿਹੜੀਆਂ ਆਮ ਚੋਣਾਂ ਹੋਈਆਂ ਸਨ ਜਿਸ ਸਮੇਂ ਪੂਰੇ ਦੇਸ਼ ਅੰਦਰ ਮੋਦੀ-ਮੋਦੀ ਹੋ ਰਹੀ ਸੀ, ਉਸ ਸਮੇਂ ਵੀ ਪੰਜਾਬ ਦੇ ਲੋਕਾਂ ਨੇ ਬੀ.ਜੇ.ਪੀ. ਦੇ ਖਿਲਾਫ ਡਟ ਕੇ ਵੋਟ ਪਾਈ ਸੀ। ਇਸ ਤੋਂ ਬਾਅਦ ਪੰਜ ਸਾਲ ਲੰਘ

[ਸਰਦਾਰ ਗੁਰਕੀਰਤ ਸਿੰਘ ਕੋਟਲੀ]

ਗਏ ਅਤੇ 2019 ਆ ਗਿਆ। ਉਸ ਸਮੇਂ ਵੀ ਪੂਰੇ ਦੇਸ਼ ਅੰਦਰ ਬੀ.ਜੇ.ਪੀ. ਦੀ ਤੂਤੀ ਬੋਲ ਰਹੀ ਸੀ। ਸਪੀਕਰ ਸਾਹਿਬ, ਉਦੋਂ ਵੀ ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਵੋਟਾਂ ਪਾ ਕੇ ਮੋਦੀ ਸਰਕਾਰ ਦੇ ਖਿਲਾਫ ਫੈਸਲਾ ਦਿੱਤਾ ਸੀ। ਸਪੀਕਰ ਸਾਹਿਬ, ਮੈਨੂੰ ਇਉਂ ਲੱਗ ਰਿਹਾ ਹੈ ਕਿ ਇੱਕ ਤਾਂ ਇਹ ਗੱਲ ਹੈ ਕਿ ਪੰਜਾਬ ਦੇ ਲੋਕਾਂ ਤੋਂ ਉਸ ਫੈਸਲੇ ਦਾ ਬਦਲਾ ਲਿਆ ਜਾ ਰਿਹਾ ਹੈ। ਦੂਜੀ ਗੱਲ ਇਹ ਹੈ ਕਿ ਜਿਹੜੀਆਂ ਦੂਸਰੀਆਂ ਸਟੇਟਾਂ ਹਨ, ਉਨ੍ਹਾਂ ਦੀਆਂ ਵੀ ਲਾਬੀਜ਼ ਹਨ। ਉਨ੍ਹਾਂ ਤੋਂ ਪੰਜਾਬ ਦੇ ਕਿਸਾਨ ਨਹੀਂ ਦੇਖੇ ਜਾਂਦੇ। ਪੰਜਾਬ ਦੇ ਲੋਕ ਨਹੀਂ ਦੇਖੇ ਜਾਂਦੇ, ਇੱਥੇ ਹਰ ਘਰ ਵਿੱਚ ਗੱਡੀ ਖੜ੍ਹੀ ਹੈ। ਇੱਥੇ ਲਿਵਿੰਗ ਸਟੈਂਡਰਡ ਬੜਾ ਵਧੀਆ ਹੈ, ਉਨ੍ਹਾਂ ਲੋਕਾਂ ਤੋਂ ਇਹ ਜਰਿਆ ਨਹੀਂ ਜਾ ਰਿਹਾ। ਇਸ ਕਰਕੇ ਅੱਜ ਪੰਜਾਬ ਦੇ ਲੋਕਾਂ ਨੂੰ ਭਿਖਾਰੀ ਬਣਾਉਣ ਵਾਸਤੇ ਇੱਕ ਸਕੀਮ ਘੜੀ ਜਾ ਰਹੀ ਹੈ। ਦੂਸਰੀ ਗੱਲ ਹੈ ਕਿ ਮੈਨੂੰ ਸਮਝ ਨਹੀਂ ਆ ਰਹੀ ਕਿ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਬਿਆਨ ਆਇਆ ਹੈ ਕਿ ਅਸੀਂ ਇੱਕ ਲਿਖਤੀ ਚਿੱਠੀ ਲਿਆਂਦੀ ਹੈ। ਸਪੀਕਰ ਸਾਹਿਬ, ਮੈਂ ਵੀ ਇਹ ਮੰਨਦਾ ਹਾਂ ਕਿ ਐਮ.ਐਸ.ਪੀ. ਖਤਮ ਨਹੀਂ ਹੋ ਰਹੀ। (ਵਿਘਨ) ਇਹ ਪੰਜਾਬ ਦੇ ਕਿਸਾਨ ਨੂੰ ਮੰਡੀਕਰਨ ਵਿੱਚੋਂ ਬਾਹਰ ਕਰਨ ਦੀ ਬੜੀ ਵੱਡੀ ਸਕੀਮ ਹੈ। ਸਕੀਮ ਇਹ ਹੈ ਕਿ ਇੱਕ ਵਾਰ ਪੰਜਾਬ ਦਾ ਕਿਸਾਨ ਮੰਡੀਕਰਨ ਵਿੱਚੋਂ ਬਾਹਰ ਹੋ ਜਾਵੇ ਅਤੇ ਪੰਜਾਬ ਦੇ ਕਿਸਾਨ ਦੀ ਗਿੱਚੀ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਆ ਜਾਵੇ, ਜਿਹੜੇ ਉਨ੍ਹਾਂ ਦੇ ਯਾਰ ਦੋਸਤ ਬਣੇ ਹੋਏ ਹਨ। ਚਾਹੇ ਉਹ ਅੰਬਾਨੀ, ਅਡਾਨੀ ਹੋਣ, ਜਿਵੇਂ ਬੈਂਸ ਸਾਹਿਬ ਨੇ ਵੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਫਿਰ ਪੰਜਾਬ ਦੇ ਕਿਸਾਨਾਂ ਦੀ ਕਿਸਮਤ ਦਾ ਫੈਸਲਾ ਉਹ ਲੋਕ ਕਰਿਆ ਕਰਨਗੇ। ਦੂਸਰੀ ਗੱਲ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਵੇਂ ਐਮ.ਐਸ.ਪੀ. ਪੰਜਾਬ ਦੀ ਲਾਈਫ ਲਾਈਨ ਹੈ। ਉਵੇਂ ਹੀ ਪੰਜਾਬ ਦਾ ਪਾਣੀ ਵੀ ਪੰਜਾਬ ਦੀ ਲਾਈਫ ਲਾਈਨ ਹੈ। ਜੋ ਫੈਸਲਾ ਸਾਡੇ ਮੁੱਖ ਮੰਤਰੀ ਜੀ ਨੇ ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਕੇਂਦਰੀ ਜਲ ਸਰੋਤ ਮੰਤਰੀ ਜੀ ਦੀ ਮੀਟਿੰਗ ਵਿੱਚ ਲਿਆ ਹੈ ਅਤੇ ਜੋ ਨੁਕਤੇ ਪੇਸ਼ ਕੀਤੇ ਹਨ ਉਨ੍ਹਾਂ ਨਾਲ ਇਹ ਕੇਸ ਏਨਾ strongly ਲੜਿਆ ਹੈ। ਇਹ ਕੇਸ ਸੁਪਰੀਮ ਕੋਰਟ ਵਿੱਚ ਸਾਡੇ ਵਕੀਲਾਂ ਤੋਂ ਵੀ ਨਹੀਂ ਲੜ ਹੋਇਆ। ਇਨ੍ਹਾਂ ਨੇ ਜੋ ਗੱਲ ਉੱਥੇ ਰੱਖੀ ਹੈ, ਇਸ ਨਾਲ ਸਾਡਾ ਕੇਸ ਬਹੁਤ ਹੀ strong ਹੋਇਆ ਹੈ।ਮੈਂ ਇਸ ਲਈ ਮੁੱਖ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ। (ਥੰਪਿੰਗ) ਸਰ, ਇਹ ਜਿਹੜੀਆਂ ਦੋ ਲਾਈਫ ਲਾਈਨਜ਼ ਹਨ ਜੇ ਕਰ ਕਿਤੇ ਇਹ ਪੰਜਾਬ ਦੇ ਹੱਥੋਂ ਚਲੀਆਂ ਗਈਆਂ ਤਾਂ ਪੰਜਾਬ ਦੇ ਵਿੱਚ ਦੁਬਾਰਾ ਅੱਤਵਾਦ ਆਏਗਾ, ਦੁਬਾਰਾ ਉਹੀ ਕਾਲੇ ਦਿਨ ਆਉਣਗੇ। (ਵਿਘਨ) ਸਪੀਕਰ

ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਵੀ ਕਰਦਾ ਹਾਂ ਅਤੇ ਇਨ੍ਹਾਂ ਆਰਡੀਨੈਂਸਾਂ ਨੂੰ ਰਿਜੈਕਟ ਵੀ ਕਰਦਾ ਹਾਂ। ਬੜੀ ਚੰਗੀ ਗੱਲ ਹੈ ਕਿ ਸਾਡੇ ਹਾਊਸ ਨੇ ਰਲ ਕੇ ਇਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਕੀਤੀ ਹੈ। ਮੈਨੂੰ ਲੱਗਦਾ ਹੈ ਕਿ ਅਸੀਂ ਇਨ੍ਹਾਂ ਚੀਜ਼ਾਂ ਤੋਂ ਬਚ ਸਕਾਂਗੇ ਅਤੇ ਪੰਜਾਬ ਨੂੰ ਦੁਬਾਰਾ ਹੱਸਦਾ-ਵੱਸਦਾ, ਖੇਡਦਾ ਅਤੇ ਅਮਨ ਸ਼ਾਂਤੀ ਵਾਲੇ ਇਸ ਪੰਜਾਬ ਨੂੰ ਬਰਕਰਾਰ ਰੱਖ ਸਕਾਂਗੇ। ਬਹੁਤ-ਬਹੁਤ ਧੰਨਵਾਦ। (ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀ ਅਮਨ ਅਰੋੜਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਅਮਨ ਜੀ, ਸਾਰੇ ਨਹੀਂ ਬੋਲਦੇ ਹੁੰਦੇ। ਤੁਹਾਡੀ ਪਾਰਟੀ ਵੱਲੋਂ ਵਿਊ ਆ ਗਿਆ ਹੈ। ਚੰਨੀ ਜੀ, ਤੁਸੀਂ ਬੋਲੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਕਹਿੰਦੇ ਹਨ ਕਿ :

*ਬੋਲ ਪੁਗਾਉਣੇ ਔਖੇ ਹੁੰਦੇ, ਜਿਵੇਂ ਅੰਬਰੋਂ ਲਾਹੁਣੇ ਤਾਰੇ।*

ਕਿਸਾਨਾਂ ਨਾਲ ਜੋ ਕੁਮਿਟਮੈਂਟ ਕੀਤੀ ਹੋਈ ਹੈ ਕਿ ਅਸੀਂ ਤੁਹਾਡੇ ਨਾਲ ਖੜਾਂਗੇ। ਤੁਹਾਡੇ ਹੱਕਾਂ ਲਈ ਲੜਾਂਗੇ ਅਤੇ ਮਰਾਂਗੇ। ਤੁਹਾਡੇ ਹੱਕ ਮਹਿਫੂਜ਼ ਰੱਖਾਂਗੇ। ਕੈਪਟਨ ਅਮਰਿੰਦਰ ਸਿੰਘ ਜੀ ਨੇ ਅੱਜ ਜਿਹੜਾ ਪ੍ਰਸਤਾਵ ਲਿਆਂਦਾ ਹੈ। ਸਰ, ਅੱਜ ਇਸ ਉਤੇ ਇਤਿਹਾਸਕ ਬਹਿਸ ਹੋ ਰਹੀ ਹੈ, ਕੋਈ ਆਮ ਗੱਲ ਨਹੀਂ ਹੋ ਰਹੀ। ਕੇਂਦਰ ਅਤੇ ਰਾਜਾਂ ਦੇ ਵਿਚ ਟਕਰਾਅ ਦੀ ਨੀਤੀ ਦੇ ਨਾਲ ਜੋ ਉਨ੍ਹਾਂ ਨੇ ਕਿਸਾਨਾਂ ਵਾਸਤੇ ਗਲਤ ਕੀਤਾ ਉਸ ਦੇ ਟਕਰਾਅ ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਅੱਜ ਇਥੇ ਖੜ੍ਹੇ ਹੋਏ ਹਨ। ਇਹ ਦਲੇਰਾਨਾ ਕਦਮ ਹੈ, ਕਿਸੇ ਮੁੱਖ ਮੰਤਰੀ ਨੂੰ ਕੇਂਦਰ ਦੇ ਖਿਲਾਫ ਖੜ੍ਹਨ ਵਾਸਤੇ ਲੱਤਾਂ ਵਿਚ ਜਾਨ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਕਰਨ ਲਈ, ਕਿਸਾਨਾਂ ਦੀ ਨੁਮਾਇੰਦਗੀ ਕਰਨ ਲਈ ਪਾਰਟੀ ਬਣੀ ਸੀ। ਇਹ

ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਲੈ ਕੇ ਆਏ, ਵੱਧ ਅਧਿਕਾਰਾਂ ਦੀ ਗੱਲ ਰਾਜਾਂ ਵਾਸਤੇ ਕੀਤੀ । ਲੇਕਿਨ ਅੱਜ ਸ਼੍ਰੋਮਣੀ ਅਕਾਲੀ ਦਲ ਕੁਝ ਐਸੇ ਬੰਦਿਆਂ ਦੇ ਹੱਥ ਵਿਚ ਆ ਗਿਆ ਕਿ ਟੋਟਲ ਆਈਡੋਲਿਜੀ ਸ਼੍ਰੋਮਣੀ ਅਕਾਲੀ ਦਲ ਦੀ ਯੂ-ਟਰਨ ਲੈ ਗਈ । ਜਦੋਂ ਕਸ਼ਮੀਰ ਵਿਖੇ ਧਾਰਾ 370 ਦੀ ਗੱਲ ਆਈ..

**ਮਾਨਯੋਗ ਸਪੀਕਰ:** ਤੁਸੀਂ ਸ਼ਾਰਟ ਕਰੋ, ਆਪਣੀ ਗੱਲ ਸ਼ਾਰਟ ਕਰੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਏਨਾ ਵੀ ਆਪਣੇ ਪਾਸ ਟਾਈਮ ਨਹੀਂ ਹੈ?

**ਮਾਨਯੋਗ ਸਪੀਕਰ:** ਨਹੀਂ, ਨਹੀਂ। ਮੇਰੇ ਕੋਲ ਆਪਣਾ ਟਾਈਮ ਹੈ, ਮੈਂ ਉਸ ਮੁਤਾਬਿਕ ਦੇਖਣਾ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਜੇ ਖੜ੍ਹਾ ਕੀਤਾ ਹੈ ਤਾਂ ਪੰਜ ਮਿੰਟ ਦਿਉ।

**ਮਾਨਯੋਗ ਸਪੀਕਰ:** ਆਪਣੀ ਗੱਲ ਕਰ ਲਵੋ, ਤੁਸੀਂ ਆਪਣੀ ਗੱਲ ਛੇਤੀ ਕਰੋ। ਜੇ ਅਸੀਂ ਇਸ ਤਰ੍ਹਾਂ ਹੀ ਗੱਲਾਂ ਕਰਨੀਆਂ ਹੁੰਦੀਆਂ ਤਾਂ ਅਸੀਂ ਕੁਐਸਚਨ ਆਵਰ ਤੇ ਬਾਕੀ ਚੀਜ਼ਾਂ ਵੀ ਡਿਸਕਸ ਕਰਦੇ। ਕੋਈ ਗੱਲ ਨਹੀਂ, ਤੁਸੀਂ ਆਪਣੀ ਗੱਲ ਕਰੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਨੇ ਟੋਟਲ ਆਈਡੋਲਿਜੀ ਚੇਂਜ ਕਰ ਲਈ । ਉਨ੍ਹਾਂ ਨੇ ਆਪਣੇ ਰਾਜਾਂ ਦੇ ਵੱਧ ਅਧਿਕਾਰ ਛੱਡ ਦਿੱਤੇ ਕਿਉਂਕਿ ਜੰਮੂ ਕਸ਼ਮੀਰ ਦੇ ਰਾਜ ਦੇ ਅਧਿਕਾਰ ਖੋਹੇ ਗਏ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਨੇ ਬਾਹਰ ਆ ਕੇ ਇੰਟਰਵਿਊ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਨੇ ਅਨਾਊਂਸਮੈਂਟ ਕੀਤੀ ਕਿ ਅਸੀਂ ਇਸ ਦੇ ਹੱਕ ਵਿਚ ਹਾਂ, ਰਾਜਾਂ ਦੇ ਕਸ਼ਮੀਰ ਵਿਚ ਅਧਿਕਾਰ ਲਏ ਜਾ ਰਹੇ ਹਨ, ਸ਼੍ਰੀ ਨਗਰ ਨੂੰ ਯੂ.ਟੀ. ਬਣਾ ਦਿੱਤਾ ਤਾਂ ਉਹ ਉਨ੍ਹਾਂ ਦੇ ਹੱਕ ਵਿੱਚ ਬੋਲੇ। ਅੱਜ ਇਹ ਆਰਡੀਨੈਂਸ ਪਾਸ ਹੋਏ, ਉਹ ਇਸ ਦੇ ਹੱਕ ਵਿਚ ਵਕਾਲਤ ਕਰ ਰਹੇ ਹਨ, ਕਿੰਨੀ ਸ਼ਰਮਨਾਕ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਵੇ, ਕਿਸਾਨਾਂ ਦੇ ਹੱਕ ਲੁੱਟੇ ਜਾਣ ਲੇਕਿਨ ਉਹ ਉਸ ਦੀ ਵਕਾਲਤ ਕਰਨ। ਮੈਂ ਮੁੱਖ ਮੰਤਰੀ ਜੀ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ, ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਦਲੇਰਾਨਾ ਕਦਮ ਲੈ ਕੇ ਅੱਜ ਇਹ ਆਰਡੀਨੈਂਸ ਲਿਆਂਦਾ। ਜਦੋਂ ਪਾਣੀਆਂ ਦੀ ਲੋੜ ਪਈ ਸੀ ਤਾਂ ਆਪਣੀ ਪਾਰਟੀ ਨੇ ਕੇਂਦਰ ਦੇ ਖਿਲਾਫ ਖੜ੍ਹੇ ਹੋ ਕੇ ਉਸ ਸਮੇਂ ਵੀ ਆਰਡੀਨੈਂਸ ਤੇ ਬਿਲ ਪਾਸ ਕਰਵਾਇਆ ਸੀ ਅਤੇ ਪਾਣੀਆਂ ਦੇ ਰਾਖੇ ਬਣੇ ਸੀ। ਅੱਜ ਫਿਰ ਇਹ ਕਿਸਾਨਾਂ ਦੇ

ਰਾਖੇ ਬਣੇ ਹਨ। ਮੈਨੂੰ ਇਨ੍ਹਾਂ ਤੋਂ ਪੂਰੀ ਆਸ ਹੈ ਕਿ ਪੂਰੀ ਸਰਕਾਰ ਔਰ ਕਾਂਗਰਸ ਪਾਰਟੀ ਤੇ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਨਾਲ ਲੈ ਕੇ ਇਹ ਲੜਾਈ ਲੜਨਗੇ, ਪੰਜਾਬ ਦਾ ਕਿਸਾਨ ਬਚੇਗਾ, ਪੰਜਾਬ ਬਚੇਗਾ ਤੇ ਆਉਣ ਵਾਲੇ ਸਮੇਂ ਜਿਹੜਾ ਪੰਜਾਬ ਹੈ ਉਹ ਪ੍ਰਫੁੱਲਤ ਹੋਵੇਗਾ। ਜੈ ਹਿੰਦ।

**ਮਾਨਯੋਗ ਸਪੀਕਰ:** ਸਦਨ ਦੇ ਨੇਤਾ ਅਤੇ ਮਾਨਯੋਗ ਮੁੱਖ ਮੰਤਰੀ ਜੀ ਬੋਲਣਗੇ। ਹਾਂ ਜੀ, ਸੀ.ਐਮ.ਸਾਹਿਬ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਮੈਂ ਪਹਿਲਾਂ ਸਾਰੇ ਹਾਊਸ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਇਸ ਰੈਜ਼ੋਲਿਊਸ਼ਨ ਨੂੰ ਯੂਨਾਨੀਮਸਲੀ ਸਪੋਰਟ ਕੀਤਾ ਹੈ । ਮੈਂ ਆਸ ਕਰਦਾ ਹਾਂ ਕਿ ਸਾਡੀ ਗੌਰਮਿੰਟ ਦਿੱਲੀ ਦੇ ਵਿੱਚ ਇਸ ਉਤੇ ਪੂਰਾ ਧਿਆਨ ਕਰੇਗੀ ਔਰ ਸਮਝੇਗੀ ਕਿ ਕੀ ਕਾਰਨ ਹਨ ਕਿ ਸਾਨੂੰ ਇਹ ਬਿਲ ਲਿਆਉਣਾ ਪਿਆ ਔਰ ਇਸ ਨਾਲ ਕੀ ਨੁਕਸਾਨ ਹੋ ਸਕਦਾ ਹੈ। ਪਹਿਲੀ ਗੱਲ ਤਾਂ ਮੈਂ ਚਾਹੇ ਪਾਣੀ ਦਾ ਮਸਲਾ ਹੋਵੇ, ਚਾਹੇ ਐਮ.ਐਸ.ਪੀ. ਦਾ ਮਸਲਾ ਹੋਵੇ, ਫੈਕਟਸ ਪੂਰੀ ਤਰ੍ਹਾਂ ਕਲੀਅਰ ਹਨ। ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਤੋਂ ਮਸਲਾ ਸ਼ੁਰੂ ਹੋਇਆ ਸੀ, ਨਿਚੋੜ ਉਸ ਦਾ ਕੀ ਸੀ? ਉਹ ਪਾਣੀ ਦਾ ਮਸਲਾ ਸੀ ਔਰ ਉਹ ਕਿਥੇ ਪਹੁੰਚ ਗਿਆ ਸੀ, ਆਪਾਂ ਇਸ ਬਾਰੇ ਸਾਰੇ ਹੀ ਇਤਿਹਾਸ ਜਾਣਦੇ ਹਾਂ । ਜਦੋਂ ਫਿਰ ਸਾਡੇ ਸਮੇਂ ਵਿੱਚ, ਪਿਛਲੀ ਸਰਕਾਰ ਦੇ ਵੇਲੇ ਉਹੀ ਮਸਲਾ ਆਇਆ। ਮੇਰਾ ਖਿਆਲ ਹੈ ਕਿ ਵੀਰਵਾਰ ਦਾ ਦਿਨ ਸੀ ਜਾਂ ਸ਼ੁੱਕਰਵਾਰ ਦਾ ਦਿਨ ਸੀ, ਮੈਨੂੰ ਯਾਦ ਨਹੀਂ but House was in Session. ਸਾਨੂੰ ਕਿਹਾ ਗਿਆ ਕਿ ਸੋਮਵਾਰ ਨੂੰ ਤੁਸੀਂ ਸੀ.ਪੀ.ਡਬਲਯੂ.ਡੀ. ਦੇ ਰਾਹੀਂ ਐਸ.ਵਾਈ.ਐਲ.ਕੈਨਾਲ ਪੁਟਵਾਉਣੀ ਹੈ, ਉਦੋਂ ਮੈਨੂੰ ਪਤਾ ਸੀ ਕਿਉਂਕਿ ਮੈਨੂੰ ਤਾਂ 52 ਸਾਲ ਪਾਲੇਟਿਕਸ ਵਿਚ ਹੋ ਗਏ ਹਨ। ਇਹ ਮੈਂ ਦੇਖਦਾ ਰਿਹਾ ਕਿ ਪੰਜਾਬ ਵਿਚ ਕੀ ਹੁੰਦਾ ਹੈ ਔਰ ਮੈਨੂੰ ਪਤਾ ਸੀ ਕਿ ਅਗਰ ਇਥੇ ਇਹ ਨਹਿਰ ਬਣਨ ਲੱਗ ਜਾਵੇ ਤਾਂ ਉਸ ਦਿਨ ਹੀ ਇੱਥੇ ਪੰਜਾਬ ਵਿੱਚ ਗੜਬੜ ਹੋ ਜਾਣੀ ਹੈ, ਪੰਜਾਬ ਵਿਚ ਦੁਬਾਰਾ ਟੈਰੋਰਿਜ਼ਮ ਆ ਜਾਣਾ ਹੈ। ਪਾਕਿਸਤਾਨ ਹਥਿਆਰ ਦੇਣ ਨੂੰ ਅਤੇ ਸਭ ਕੁਝ ਦੇਣ ਨੂੰ ਤਿਆਰ ਬੈਠਾ ਹੈ। ਸਪੀਕਰ ਸਾਹਿਬ, ਸਾਨੂੰ ਉਸ ਵੇਲੇ ਇਹ ਕਦਮ ਚੁੱਕਣਾ ਪਿਆ ਅਤੇ ਟਰਮੀਨੇਸ਼ਨ ਆਫ ਐਗਰੀਮੈਂਟ ਬਿਲ ਇਸ ਸਦਨ ਵਿੱਚ ਪਾਸ ਕੀਤਾ। ਸੁਪਰੀਮ ਕੋਰਟ ਵਿਚ ਹਾਰ ਗਏ, ਉਹ ਵੱਖਰੀ ਗੱਲ ਹੈ ਲੇਕਿਨ ਅਸੀਂ ਆਪਣੀ ਪ੍ਰੋਟੈਕਸ਼ਨ ਕੀਤੀ। Now this is the second time. ਇਹ ਦੂਸਰੀ ਵਾਰ ਹੈ ਕਿ ਇੱਕ ਕਦਮ ਚੁੱਕਿਆ ਜਾ ਰਿਹਾ

[ਮੁੱਖ ਮੰਤਰੀ ]

ਹੈ ਜਿਸ ਨਾਲ ਪੰਜਾਬ ਦੀ ਕਿਸਾਨੀ ਵਿੱਚ ਰੋਸ ਆਵੇਗਾ, ਸਾਰੇ ਪੰਜਾਬ ਵਿਚ ਰੋਸ ਆਵੇਗਾ ਜਿਹੜੇ ਨਾਨ ਕਿਸਾਨ ਹਨ, ਉਨ੍ਹਾਂ ਵਿਚ ਵੀ ਰੋਸ ਆਵੇਗਾ ਕਿਉਂਕਿ ਜੇਕਰ ਕਿਸੇ ਸਟੇਟ ਦੀ ਤੁਸੀਂ ਇਕਾਨਮੀ ਖਤਮ ਕਰੋਗੇ, 70 ਫੀਸਦ ਲੋਕ ਪਿੰਡਾਂ ਵਿਚ ਰਹਿੰਦੇ ਹਨ, ਖੇਤੀਬਾੜੀ ਉਤੇ ਨਿਰਭਰ ਹਨ। ਕੀ ਉਨ੍ਹਾਂ ਦੀ ਤੁਸੀਂ ਰੋਟੀ ਬੰਦ ਕਰੋਗੇ? ਸਾਡੇ 70 ਫੀਸਦੀ ਕਿਸਾਨ ਪੰਜ ਕਿੱਲੇ ਤੋਂ ਘੱਟ ਦੇ ਮਾਲਕ ਹਨ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਹੋਵੇਗਾ ਕਿ ਸਾਡਾ ਕੀ ਬਣ ਰਿਹਾ ਹੈ। ਉਨ੍ਹਾਂ ਨੂੰ ਹੁਣ ਪਤਾ ਹੈ ਕਿ ਕਣਕ ਤੇ ਐਮ.ਐਸ.ਪੀ. ਇੰਨੀ ਹੈ ਜਾਂ ਝੋਨੇ ਤੇ ਇੰਨੀ ਹੈ ਪਰ ਫੇਰ ਨਹੀਂ ਪਤਾ ਲੱਗਣਾ ਚਾਹੇ ਜ਼ਿੰਨੀ ਮਰਜ਼ੀ ਐਮ.ਐਸ.ਪੀ. ਰੱਖਣ, ਜੋ ਮਰਜ਼ੀ ਅਨਾਊਂਸ ਕਰ ਦੇਣ। ਜਦੋਂ ਤੱਕ ਐਮ.ਐਸ.ਪੀ. ਅਨਾਊਂਸ ਕਰਨ ਵਾਸਤੇ ਐਫ.ਸੀ.ਆਈ. ਨਹੀਂ ਹੋਵੇਗੀ ਤਾਂ ਜੋ ਮਰਜ਼ੀ ਅਨਾਊਂਸ ਕਰ ਦੇਣ। ਮੈਂ ਹੁਣੇ ਕਹਿ ਕੇ ਹਟਿਆ ਹਾਂ ਕਿ ਮੱਕੀ ਦੀ ਐਮ.ਐਸ.ਪੀ. ਕੁਝ ਹੋਰ ਹੈ ਪਰੰਤੂ ਮੰਡੀ ਵਿੱਚ ਇਹ ਤੀਜੇ ਹਿੱਸੇ ਵਿੱਚ ਵਿਕ ਰਹੀ ਸੀ। ਇਹੀ ਹਾਲ ਇੱਥੇ ਕਣਕ ਅਤੇ ਝੋਨੇ ਦਾ ਹੋਣਾ ਹੈ। Idea is to bring this totally into the hands of the private industry ਤਾਂ ਕਿ ਪ੍ਰਾਈਵੇਟ ਇੰਡਸਟਰੀ ਜੋ ਮਰਜ਼ੀ ਕਰੇ।

ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਇਹ ਪਾਰਟੀ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਜਿਹੜੀ ਕਿ ਅਨੰਦਪੁਰ ਸਾਹਿਬ ਦਾ ਮਤਾ ਲਿਆਈ ਸੀ, ਅੱਜ ਇਹ ਬਹਾਨਾ ਮਾਰ ਗਏ ਕਿ ਅਸੀਂ ਆਪਣਾ ਕਰੋਨਾ ਹੋਰਾਂ ਨੂੰ ਨਹੀਂ ਦੇਣਾ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਕੀ ਤੁਹਾਨੂੰ ਸਾਰਿਆਂ ਨੂੰ ਕਰੋਨਾ ਹੋਇਆ ਹੈ? ਤੁਸੀਂ ਚਾਰ ਬੰਦੇ ਇੱਥੇ ਆ ਕੇ ਨਹੀਂ ਬਹਿ ਸਕਦੇ ਸੀ? ਅੱਜ ਇਨ੍ਹਾਂ ਦਾ ਮੁੱਖੀ ਸਰਦਾਰ ਸੁਖਬੀਰ ਸਿੰਘ ਬਾਦਲ ਕਹਿੰਦਾ ਹੈ ਕਿ ਸਾਡੀ ਗਰੰਟੀ ਹੈ। ਉਹ ਗਰੰਟੀ ਦੇਣ ਵਾਲਾ ਕੌਣ ਹੁੰਦਾ ਹੈ? I want to know how can he give a guarantee? ਅੱਜ ਤਾਂ constitutional guarantees ਟੁੱਟੀਆਂ ਹਨ ਇਸ ਦੀ ਗਰੰਟੀ ਕੌਣ ਮੰਨੇਗਾ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) Look at the Constitution of India, how many times these guarantees have been broken, no body cares and he is giving us a guarantee. ਇਹ ਅੱਜ ਇਸ ਵਾਸਤੇ ਇੱਥੇ ਨਹੀਂ ਆਏ ਕਿਉਂਕਿ ਇਹ ਸਰਬਸੰਮਤੀ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ ਸਨ ਕਿਉਂਕਿ ਦਿੱਲੀ ਵਿੱਚ ਕਿਹਾ ਹੋਵੇਗਾ। ਮੈਨੂੰ ਅੱਜ ਖੁਸ਼ੀ ਹੈ ਕਿ ਸਾਡੇ ਬੀ.ਜੇ.ਪੀ. ਦੇ ਸਾਥੀ ਇੱਥੇ ਹਾਊਸ ਵਿੱਚ ਆਏ ਹਨ and I hope ਇਹ ਵੀ ਆਪਣੇ ਆਪ ਨੂੰ ਜਿਵੇਂ ਇੱਥੇ ਕਿਸੇ ਨੇ ਕਿਹਾ ਹੈ, ਬੈਂਸ ਸਾਹਿਬ ਨੇ ਕਿਹਾ ਹੈ ਕਿ ਪੰਜਾਬੀ ਸਮਝ ਕੇ ਫੈਸਲਾ ਕਰਨ। This is our future. Speaker Sahib, I am 78 years old and I don't have long to go. Five years or ten years, ਜਿੰਨਾ ਵਾਹਿਗੁਰੂ ਨੇ ਬਖਸ਼ਿਆ ਹੈ ਲੇਕਿਨ ਮੈਂ ਆਪਣੇ ਪੰਜਾਬ ਨੂੰ ਦੇਖਣਾ ਚਾਹੁੰਦਾ ਹਾਂ ਕਿ ਇਹ ਕੰਮ ਨਾ

ਹੋਵੇ ਕਿ ਜਿਸ ਨਾਲ ਫੇਰ ਗੜਬੜ ਹੋਵੇ, ਸਾਡੇ ਗਰੀਬ ਹੋਰ ਗਰੀਬ ਹੋ ਜਾਣ, ਸਾਡਾ ਪਾਣੀ ਤਕਰੀਬਨ ਖਤਮ ਹੋ ਜਾਵੇ। SYL ਦਾ ਮਸਲਾ ਚੱਲਿਆ ਸੀ ਅਤੇ ਉਸ ਤੇ ਵੀ ਹਾਲੇ ਬਹਿਸ ਚੱਲ ਰਹੀ ਹੈ।

ਅੱਜ ਮੈਂ ਹਰਿਆਣਾ ਦੇ ਮਨਿਸਟਰ ਸਾਹਿਬ ਨਾਲ ਬੈਠਾ ਸੀ, ਹਰਿਆਣਾ ਦੇ ਚੀਫ ਮਨਿਸਟਰ ਸਨ। ਕਟਾਰੀਆ ਜੀ ਜਿਹੜੇ ਕਿ ਉਨ੍ਹਾਂ ਦੇ ਸ਼ਾਇਦ ਡਿਪਟੀ ਮਨਿਸਟਰ ਜਾਂ ਮਨਿਸਟਰ ਆਫ ਸਟੇਟ ਹਨ, ਮੈਂ ਜਾ ਨਹੀਂ ਸਕਿਆ ਸੀ। ਮੈਂ ਉਨ੍ਹਾਂ ਨਾਲ ਵੀਡੀਓ ਕਾਨਫਰੈਂਸਿੰਗ ਕੀਤੀ ਸੀ। ਉਹ ਤਿੰਨੋਂ ਕੋਵਿਡ ਕਾਰਨ ਹਸਪਤਾਲ ਵਿੱਚ ਹਨ ਅਤੇ ਵਾਹਿਗੁਰੂ ਕਰੇ ਉਹ ਠੀਕ ਹੋ ਜਾਣ। ਲੇਕਿਨ ਇਹ ਜਿਹੜੀਆਂ ਚੀਜ਼ਾਂ ਹਨ, ਪਾਣੀ ਸਾਡੀ ਜਾਨ ਹੈ, ਐਮ.ਐਸ.ਪੀ. ਸਾਡੀ ਜਾਨ ਹੈ। ਅਗਰ ਤੁਸੀਂ ਬਿਲਕੁਲ ਗਲੇ ਨੂੰ ਹੱਥ ਪਾਓਗੇ ਤਾਂ ਪੰਜਾਬੀ ਬੋਲੇਗਾ। ਮੈਂ ਨਹੀਂ ਚਾਹੁੰਦਾ ਕਿ ਮੈਂ ਪੰਜਾਬ ਵਿੱਚ ਦੁਬਾਰਾ ਉਹੀ ਦੇਖਾਂ ਅਤੇ ਦੁਬਾਰਾ ਉਹੀ ਕੁਝ ਹੋਵੇ ਜੋ ਦੋ ਵਾਰ ਪਹਿਲਾਂ ਹੋ ਚੁੱਕਿਆ ਹੈ। ਇਕ ਵਾਰ 1984 ਤੋਂ ਪਹਿਲਾਂ ਅਤੇ ਦੂਜੀ ਵਾਰ 1984 ਤੋਂ ਬਾਅਦ, ਇਹ ਫੇਰ ਹੋ ਜਾਣਾ ਸੀ ਜੇਕਰ ਆਪਾਂ Punjab Termination of Water Agreements Bill ਪਾਸ ਨਾ ਕਰਦੇ। ਹਾਲੇ ਤਾਂ ਇਹ ਸੁਪਰੀਮ ਕੋਰਟ ਵਿੱਚ ਚੱਲ ਰਿਹਾ ਹੈ ਅਤੇ ਦੇਖਦੇ ਹਾਂ ਕਿ ਉਥੇ ਕੀ ਹੁੰਦਾ ਹੈ। ਹੁਣ ਤੁਸੀਂ ਹੋਰ ਛੇੜਛਾੜ ਕਰ ਦਿੱਤੀ। ਐਮ.ਐਸ.ਪੀ. ਬੰਦ ਕਰ ਦਿਓ ਅਤੇ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਇੰਟਰੋਡਿਊਸ ਕਰ ਦਿਓ, what is happening? ਮੈਨੂੰ ਸਮਝ ਨਹੀਂ ਆਉਂਦੀ ਕਿ ਲੋਕ ਕਿਉਂ ਆਪਣੀਆਂ ਇਕਨਾਮਿਕ ਸੋਚਾਂ ਵਿੱਚ ਪੈ ਜਾਂਦੇ ਹਨ। ਬਗੈਰ ਸੋਚੇ ਕਿ ਇਹ ਪੰਜਾਬ, ਚਾਹੇ ਅਸੀਂ ਸਾਰਿਆਂ ਨੂੰ ਰੋਟੀ ਖਵਾਉਂਦੇ ਹਾਂ, ਲੇਕਿਨ ਇਹ ਪੰਜਾਬ ਬੜੀ ਛੋਟੀ ਕਿਸਾਨੀ ਵਾਲਾ ਪੰਜਾਬ ਹੈ। ਇੱਥੇ 70% under 5 acres ਵਾਲੇ ਕਿਸਾਨ ਹਨ। ਮੰਡੀ ਬੋਰਡ ਇਸ ਨਾਲ ਟੁੱਟ ਜਾਵੇਗਾ ਜੋ ਕਿ ਸਾਡੀਆਂ ਲਿੰਕ ਰੋਡਜ਼ ਬਣਾਉਂਦਾ ਹੈ, ਸਾਰੀ ਪਿੰਡਾਂ ਦੀ ਡਿਵੈਲਪਮੈਂਟ ਉਹ ਕਰਦਾ ਹੈ। ਫੇਰ ਇਹ ਸਭ ਕੌਣ ਕਰੇਗਾ? Again we go to the Budget. We have to have bigger thoughts and bigger hearts to these things. ਮੈਂ ਆਸ ਕਰਦਾ ਹਾਂ ਕਿ ਜਿਹੜੇ ਪਾਰਟੀ ਵਾਲੇ ਹਨ, ਇਹ ਜਾ ਕੇ ਆਪਣੇ ਦਿੱਲੀ ਵਾਲਿਆਂ ਨੂੰ, ਆਪਣੇ ਸਾਥੀਆਂ ਨੂੰ ਕਹੋ ਕਿ ਮੁਸੀਬਤ ਸਾਡੀ ਹੋ ਜਾਣੀ ਹੈ। ਜਿੱਥੇ-ਜਿੱਥੇ ਕਿਸਾਨੀ ਹੈ, ਉਨ੍ਹਾਂ ਸਾਰਿਆਂ ਨੂੰ ਇਸ ਵਾਸਤੇ ਰੋਸ ਹੋਵੇਗਾ and that is why ਅੱਜ ਮੈਂ ਇਹ ਰੈਜ਼ੋਲਿਊਸ਼ਨ ਲੈ ਕੇ ਆਇਆ ਹਾਂ। ਮੈਨੂੰ ਬੜੀ ਖੁਸ਼ੀ ਹੈ ਅਤੇ ਮੈਂ ਆਪਣੇ ਸਾਰੇ ਮੈਂਬਰਾਂ ਦਾ ਧੰਨਵਾਦੀ ਹਾਂ, ਭਾਵੇਂ ਉਹ ਆਪੋਜ਼ੀਸ਼ਨ ਦਾ ਹੋਵੇ ਜਾਂ ਟਰੇਜ਼ਰੀ ਬੈਂਚਿਜ਼ ਦਾ ਹੋਵੇ, ਜਿਨ੍ਹਾਂ ਨੇ ਇਸ ਵਾਸਤੇ ਸਾਥ ਦਿੱਤਾ ਹੈ।(ਥੰਪਿੰਗ) ਧੰਨਵਾਦ।

**ਮਾਨਯੋਗ ਸਪੀਕਰ:** ਸ਼੍ਰੀ ਦਿਨੇਸ਼ ਸਿੰਘ ਜੀ, ਤੁਸੀਂ ਕੁਝ ਕਹਿਣਾ ਹੈ?

**ਸ਼੍ਰੀ ਦਿਨੇਸ਼ ਸਿੰਘ (ਸੁਜਾਨਪੁਰ):** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿਸਾਨ ਦਾ ਬੇਟਾ ਹਾਂ ਅਤੇ ਇਹ ਜਿਹੜਾ ਬਿਲ ਹੈ, ਇਸ ਵਿਚ ਕੋਈ ਅਜਿਹੀ ਗੱਲ ਨਹੀਂ ਹੈ ਜੋ ਕਿਸਾਨਾਂ ਦੇ ਵਿਰੁੱਧ ਹੋਵੇ। ਇਸ ਨਾਲ ਐਮ.ਐਸ.ਪੀ. ਕੋਈ ਬੰਦ ਨਹੀਂ ਹੋਵੇਗੀ, ਕੋਈ ਮੰਡੀਆਂ ਬੰਦ ਨਹੀਂ ਹੋਣਗੀਆਂ। ਇਹ ਸਿਰਫ ਪੰਜਾਬ ਸਰਕਾਰ ਕਿਸਾਨਾਂ ਨੂੰ ਉਲਝਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਗੱਲ ਇਹ ਹੈ ਕਿ ਕਾਂਗਰਸ ਕੋਲ ਕੋਈ ਮੁੱਦਾ ਹੀ ਨਹੀਂ ਹੈ। (ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀ ਅਮਨ ਅਰੋੜਾ ਆਪਣੀਆਂ-ਆਪਣੀਆਂ ਸੀਟਾਂ ਤੋਂ ਉੱਠ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ। )

**ਮਾਨਯੋਗ ਸਪੀਕਰ:** ਇਕ ਮਿੰਟ, ਸਭ ਦਾ ਵਿਊ ਆ ਗਿਆ ਹੈ, ਸਾਰੀਆਂ ਪਾਰਟੀਆਂ ਦਾ ਵਿਊ ਆ ਗਿਆ ਹੈ, ਉਨ੍ਹਾਂ ਨੂੰ ਆਪਣਾ ਵਿਊ ਦੇਣ ਦਿਓ। ਤੁਸੀਂ ਵਿੱਚ ਇੰਟਰਪਟ ਨਾ ਕਰੋ।

**ਸ਼੍ਰੀ ਦਿਨੇਸ਼ ਸਿੰਘ:** ਸਪੀਕਰ ਸਾਹਿਬ, ਇਹ ਸਿਰਫ ਕਿਸਾਨਾਂ ਨੂੰ ਗੁੰਮਰਾਹ ਕਰਨ ਵਾਸਤੇ ਕੀਤਾ ਜਾ ਰਿਹਾ ਹੈ। ਤੁਸੀਂ ਉਹ ਬਿਲ ਪੜ੍ਹੋ, ਬਿਲ ਵਿਚ ਕਿਤੇ ਵੀ ਨਹੀਂ ਲਿਖਿਆ ਕਿ ਮੰਡੀਆਂ ਬੰਦ ਕੀਤੀਆਂ ਜਾਣਗੀਆਂ। ਇਹ ਕਹਿੰਦੇ ਹਨ ਕਿ ਆੜ੍ਹਤੀਆਂ ਨੂੰ ਵਿਹਲੇ ਬਿਠਾ ਦੇਣਾ ਹੈ, ਕੋਈ ਐਸੀ ਗੱਲ ਨਹੀਂ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

"The Punjab State Legislative Assembly is seriously concerned about the apprehensions and anguish caused by the three Ordinances, namely

The Farmers' Produce Trade and Commerce (Promotion and Facilitation) Ordinance, 2020;

The Farmers (Empowerment and Protection) Agreement

on Price Assurance and Farm Services Ordinance, 2020; and

The Essential Commodities (Amendment) Ordinance, 2020.

promulgated by the Union Government and the proposed Electricity (Amendment) Bill, 2020 amongst the people of Punjab, particularly the farmers and landless workers as these are not only against their interest; and time-tested agriculture marketing system established in the State, but are also against the Constitution of India. Entry 14 of List II of the Constitution comprises Agriculture as the subject of the States, therefore, these Ordinances are direct encroachment upon the functions of the States and against the spirit of cooperative federalism enshrined in the Constitution and this will amount to distress sale by the farmers.

This House thus urges upon the Union Government to:

Withdraw these ordinances and the proposed Electricity (Amendment) Bill, 2020 forthwith; and

Instead, promulgate a fresh ordinance making the procurement of foodgrains and other agricultural produce at the minimum support price (MSP), a statutory right of the farmers and continuation of Government procurement through Food Corporation of India.

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*1.47 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

-----------

© 2020

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾ ਕੇ ਛਾਪੀ ਗਈ।

10357/–2020/230 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ ਨਗਰ